੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥
ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥

# ਖ਼ਾਲਸਾ ਸਮਾਚਾਰ
# Khalsa Samachar

ਸੰਸਥਾਪਕ
ਭਾਈ ਸਾਹਿਬ ਭਾਈ ਵੀਰ ਸਿੰਘ
Founded by
BHAI VIR SINGH IN 1899 A.D.

ਸਪਤਾਹਿਕ/ਨਵੀਂ ਦਿੱਲੀ
ਸਥਾਪਤ 1899 ਈ.
www.bvsss.org
ਫ਼ੀ ਪਰਚਾ 5/-

ਅੰਕ ੭ ਜਿਲਦ ੩੧ ੭-੧੩ ਜਨਵਰੀ ੨੦੨੧, ੨੪-੩੦ ਪੋਹ ੨੦੭੭ ਨਾਨਕਸ਼ਾਹੀ ਸੰਮਤ ੫੫੨
ਸਾਲਾਨਾ ਚੰਦਾ ਦੇਸ਼ ੨੫੦/-, ਵਿਦੇਸ਼ ੨੫੦੦/- ਅਤੇ ਲਾਈਫ਼ ਮੈਂਬਰਸ਼ਿਪ ਦੇਸ਼ ੨੫੦੦/-, ਵਿਦੇਸ਼ ੨੫੦੦੦/-
Issue 7 Volume 31, 7-13 January 2021
Yearly Subscription India 250/-, Abroad 2500/- and Life Membership India 2500/-, Abroad 25000/-

**ਜੋੜ-ਮੇਲ ਮਾਘੀ ਮੁਕਤਸਰ : 14 ਜਨਵਰੀ/੧ ਮਾਘ**

# ਮੁਕਤਸਰ ਦਾ ਯੁੱਧ

**❖ ਭਾਈ ਸਾਹਿਬ ਭਾਈ ਵੀਰ ਸਿੰਘ**

ਮਹਾਂ ਸਿੰਘ ਜੀ ਨੇ ਆਪਣੀ ਜੱਥੇਦਾਰੀ ਵਿਚ ਸਤਿਗੁਰ ਜੀ ਦੇ ਮਗਰ ਕੂਚ ਦਾ ਹੁਕਮ ਦੇ ਦਿਤਾ। ਇਹ ਸੂਰਮਿਆਂ ਦਾ ਦਲ-ਇਕ ਵੇਰੀ ਸਿਦਕ ਵਿਚ ਹਾਰ ਖਾਕੇ ਮੁੜ ਜੀ ਉਠੇ, ਤਿਆਰ ਬਰਤਿਆਰ ਹੋ ਚੁਕੇ ਸਿੱਖਾਂ ਦਾ ਦਲ-ਖਿਦਰਾਣੇ ਦੇ ਸਰ ਕਿਨਾਰੇ ਅੱਪੜਿਆ। ਸਰ ਸੁੱਕਾ ਪਿਆ ਸੀ, ਗੁਰੂ ਜੀ ਉੱਥੇ ਅੱਪੜਕੇ ਸਰ ਨੂੰ ਸੁੱਕਾ ਵੇਖਕੇ ਅੱਗੇ ਕੂਚ ਕਰ ਗਏ ਸੇ। ਮਹਾਂ ਸਿੰਘ ਨੇ ਖਿਦਰਾਣਾ ਸੁੱਕਾ ਦੇਖਕੇ ਆਪਣਾ ਦਲ ਖੜਾ ਕਰਕੇ ਆਖਿਆ ਕਿ ਆਹ ਵੇਲਾ ਜੇ ਸੱਚੀ ਸੇਵਾ ਦਾ, ਇਥੇ ਹੀ ਟਿਕ ਜਾਓ ਤੇ ਵੈਰੀ ਨੂੰ ਇੱਥੇ ਰੋਕੋ, ਉਸਨੇ ਇਧਰ ਧਾਵਾ ਕਰਨਾ ਹੈ ਕਿ ਪਾਣੀ ਦਾ ਛੰਭ ਸਾਂਭ ਲਵਾਂ ਤੇ ਅਸਾਂ ਅਗੋਂ ਰੋਕ ਕੀਤੀ ਤਾਂ ਉਹ ਸਮਝਸੀ ਕਿ ਗੁਰੂ ਜੀ ਇੱਥੇ ਹੀ ਹਨ, ਸੋ ਸੰਗ੍ਰਾਮ ਇਥੇ ਮੱਚ ਜਾਊ ਤੇ ਗੁਰੂ ਜੀ ਨੂੰ ਅੱਗੇ ਨਿਕਲ ਜਾਣ ਦਾ ਯਾ ਕੋਈ ਹੋਰ ਆਪਣੇ ਦੈਵੀ ਖ਼ਿਆਲ ਵਿਚ ਪ੍ਰਬੰਧ ਕਰਨ ਦਾ ਸਮਾਂ ਮਿਲ ਜਾਊ। ਸੋ ਗੁਰਮਤਾ ਸਾਧਕੇ ਉੱਥੇ ਡੇਰੇ ਪੈ ਗਏ। ਉੱਥੇ ਬੇਰੀਆਂ ਦਾ ਭਾਰੀ ਜੰਗਲ ਸੀ, ਸਿੰਘਾਂ ਨੇ ਵਡੇ ਵਡੇ ਚਾਦਰੇ ਬੇਰੀਆਂ ਤੇ ਪਾਕੇ ਐਸੀ ਸ਼ਕਲ ਰਚ ਦਿੱਤੀ ਜੋ ਦੂਰੋਂ ਤੰਬੂ ਨਜ਼ਰ ਪੈਣ। ਇਧਰ ਦਸ ਦਸ ਦਾ ਜੱਥਾ ਵੰਡ ਕੇ ਇਕ ਇਕ ਜੱਥੇਦਾਰ ਦੇ ਤਾਬੇ ਕਰਕੇ ਅੱਡ ਅੱਡ ਦਾਉ ਪੇਚ ਦੇ ਵਧਣ ਹਟਣ ਤੇ ਹਮਲਾ ਕਰਨ ਦੇ ਸਾਮਾਨ ਝੱਟ ਪੱਟ ਸੋਚ ਕੇ ਫੈਸਲਾ ਕਰ ਲਏ।

ਜਦੋਂ ਕਿ ਟਾਂਗੂ ਨੇ ਉੱਚੇ ਬ੍ਰਿਛਾਂ ਤੋਂ ਤੁਰਕ ਦਲ ਦੇ ਆ ਜਾਣ ਦੀ ਸੂਹ ਦਿੱਤੀ ਤਾਂ ਇਧਰੋਂ ਬੰਦੂਕਾਂ ਦੀ ਬਾੜ੍ਹ ਛੱਡੀ ਗਈ, ਜਿਸਤੋਂ ਦੁਸ਼ਮਨ ਨੂੰ ਆਪਣੀ ਵੱਲ ਖਿੱਚ ਲੈਣ ਦਾ ਮਤਲਬ ਸੀ ਕਿ ਮਤਾਂ ਕਿਸੇ ਦੇ ਆਖੇ ਜਾਂ ਅੱਚਨਚੇਤ ਵੈਰੀ ਉਥੇ ਨਾ ਅੱਪੜ ਪਵੇ ਜਿਥੇ ਗੁਰੂ ਜੀ ਹੋਣ। ਇਨ੍ਹਾਂ ਦਾ ਮਤਾ ਇਹ ਸੀ ਕਿ ਅਸੀਂ ਵੈਰੀ ਨੂੰ ਆਪਣੇ ਨਾਲ ਜੁੱਟਮ ਜੁਟ ਕਰ ਲਈਏ, ਵੱਸ ਚੱਲੇ ਤਾਂ ਮਾਰ ਲਈਏ, ਜੇ ਮਰ ਜਾਈਏ ਤਾਂ ਇਹ ਪਾਪੀ ਦਲ ਸਤਿਗੁਰ ਤਕ ਨਾ ਅੱਪੜ ਸਕੇ। ਸੋ ਬੰਦੂਕਾਂ ਦੀ ਅਵਾਜ਼ ਸੁਣਕੇ ਵਜ਼ੀਰ ਖਾਂ ਨੇ ਇਧਰ ਰੁਖ਼ ਕਰਕੇ ਹਮਲੇ ਦਾ ਹੁਕਮ ਦੇ ਦਿਤਾ, ਪਰ ਅਗੋਂ ਕਈ ਪਾਸਿਆਂ ਤੋਂ ਬੇਰੀਆਂ ਦੇ ਉਹਲਿਓਂ ਗੋਲੀਆਂ ਦਾ ਮੀਂਹ ਆ ਪਿਆ। ਇਧਰ ਉਧਰ ਤੱਕ ਕੇ ਤੁਰਕਾਂ ਨੇ ਫੇਰ ਗੋਲੀਆਂ ਦਾ ਮੀਂਹ ਵਸਾਇਆ, ਪਰ ਬੇਰੀਆਂ ਦੇ ਅਤੇ ਝੰਗੀਆਂ ਦੇ ਕੁਦਰਤੀ ਮੋਰਚੇ ਸਿੰਘਾਂ ਨੂੰ ਵਾਧੇ ਦਾ ਦਾਉ ਦੇ ਗਏ। ਜਦ ਦੁਵੱਲੀ ਬੰਦੂਕਾਂ ਚੱਲ ਪਈਆਂ ਤਾਂ ਉਧਰ ਦਾਨ ਸਿੰਘ ਨੇ ਸਤਿਗੁਰੂ ਜੀ ਨੂੰ ਆਖਿਆ, "ਮਹਾਰਾਜ! ਵੈਰੀ ਨੇ ਹੱਲਾ ਬੋਲ ਘੱਤਿਆ"। ਸਤਿਗੁਰ ਬੋਲੇ: "ਪਤਾ ਹੈ ਸਜਣਾਂ! ਹੱਲਾ ਬੋਲ ਦਿਤਾ ਤੇ ਖਾਲਸੇ ਨੇ ਬੀ ਬੋਲ ਬਾਲਾ ਕਰ ਦਿਤਾ ਹੈ, ਆਓ ਟਿੱਬੀ ਉੱਤੇ ਚਲੋ"। ਇਹ ਕਹਿ ਦਾਤਾ ਜੀ ਜਿਥੇ ਸੇ ਉਥੋਂ ਟਿੱਬੀ ਉਤੇ ਚੜ੍ਹ ਗਏ, ਥਾਂ ਥਾਂ ਆਪਣੇ ਸੂਰਮੇ ਖੜੇ ਕਰ ਦਿਤੇ, ਆਪ ਸਭ ਤੋਂ ਉੱਚੀ ਥਾਵੇਂ ਬੀਰਾਸਨ ਹੋਕੇ ਕਮਾਨ ਸੂਤ ਲਈ। ਅਜ ਇਸ ਮੈਦਾਨ ਵਿਚ ਫੇਰ ਧਨੁਸ਼ ਵਿਦਜਾ ਦੇ ਜੌਹਰ ਖੁੱਲ੍ਹਣ ਲੱਗੇ। ਉਚਾਈ ਤੋਂ ਤਕ ਤਕ ਤੇ ਆੜਾਂ ਵਿਚੋਂ ਸੇਧਾਂ ਬੰਨ੍ਹ ਬੰਨ੍ਹ ਲਗੇ ਤੀਰ ਬਰਸਾਨ। ਕਿਸੇ ਕਿਸੇ ਟਿਕਾਣੇ ਬੈਰਾੜ ਬੰਦੂਕਚੀ (ਤੁਪਕਚੀ) ਨਿਸ਼ਾਨੇ ਫੁੰਡਣ ਵਾਸਤੇ ਸਤਿਗੁਰੂ ਜੀ ਨੇ ਖੜੇ ਕੀਤੇ ਸੀ।




**ਗੁਰਦੁਆਰਾ ਟੁੱਟੀ-ਗੰਢੀ ਸਾਹਿਬ, ਸ੍ਰੀ ਮੁਕਤਸਰ**

## ਅੰਦਰ


- ਭਾਈ ਮਹਾਂ ਸਿੰਘ 4
- ਸੰਤ ਬਿਮਲਾ ਸਿੰਘ : ਭਾਈ ਸੋਮਾ 5
- Mai Bhago 7
- ਮੇਲਾ ਮਾਘੀ ਮੁਕਤਸਰ ਦਾ ਸੰਦੇਸ਼ 10
- ਸ਼ਬਦ ਵਿਆਖਿਆ 11
- ਖ਼ਬਰ-ਸਾਰ 12

ਇਧਰੋਂ ਤਾਂ ਤੁਰਕ ਹਮਲਾਅਵਰਾਂ ਤੇ ਗ਼ੈਬੀ ਅੱਗ ਵਾਂਙੂ ਤੀਰ ਤੇ ਗੋਲੀ ਪੈਣ ਲਗੀ, ਮੀਂਹ ਵੱਸਵੀਂ ਨਹੀਂ; ਟਾਂਵੀਂ ਟਾਂਵੀਂ ਪਰ ਤਾਕੀ ਹੋਈ, ਸੇਧੀ ਹੋਈ, ਚੋਣਵੀਂ ਤੇ ਨਿਸ਼ਾਨੇ ਬੈਠਵੀਂ। ਉਧਰੋਂ ਸਿੱਧੀ ਬਰਖਾ ਤੀਰਾਂ ਤੁਫੰਗਾਂ ਦੀ ਖਿਦਰਾਣੇ ਤੋਂ ਹੋਣ ਲੱਗੀ।

ਸੋ ਪਹਿਲਾ ਹੱਲਾ ਤੁਰਕਾਂ ਦਾ ਮੂੰਹ ਦੀ ਖਾਕੇ ਰੁਕ ਗਿਆ ਤੇ ਵਜ਼ੀਰ ਖਾਂ ਨੇ ਹੁਣ ਪੈਂਤੜਾ ਬਦਲਿਆ। ਛੋਟੇ ਛੋਟੇ ਦਸਤੇ ਬਣਾਏ ਤੇ ਇਧਰ ਉਧਰ ਵਧਾਏ। ਅੱਗੇ ਹਰ ਪਾਸੇ ਕਿਤੇ ਨਾ ਕਿਤੇ ਮੋਰਚਿਆਂ ਵਿਚ ਸਿੰਘ ਤਿਆਰ ਸੇ। ਸੋ ਤੀਰ ਬੰਦੂਕ ਦੀ ਲੜਾਈ ਹੁੰਦੀ ਰਹੀ ਤੇ ਬਹੁਤੇ ਹੋਣ ਕਰਕੇ ਇਹ ਲੜਾਈ ਵਜ਼ੀਰ ਖਾਂ ਲਈ ਬਹੁੰ ਦੁਖਦਾਈ ਨਾ ਹੋਈ। ਕਿਉਂਕਿ ਬਹੁਤੇ ਮਰਵਾ ਲੈਣੇ ਉਸ ਲਈ ਕਠਿਨਤਾ ਨਹੀਂ ਸੀ, ਪਰ ਉਸਦੇ ਲਸ਼ਕਰ ਵਿਚ ਅਚਾਨਕ ਗੋਲੀ ਤੀਰ ਕਿਤੋਂ ਦੂਰੋਂ ਆਕੇ ਜੱਥੇਦਾਰਾਂ ਨੂੰ ਫੁੰਡਦਾ ਸੀ, ਜਿਸ ਨਾਲ ਉਸ ਨੂੰ ਜਲਦੀ ਜਲਦੀ ਆਪਣੀ ਵੰਡ ਸੁਧਾਰਨੀ ਪੈਂਦੀ ਤੇ ਜਥੇਦਾਰਾਂ ਦੇ ਮਰਨ ਨਾਲ ਕਸ਼ਟ ਹੁੰਦਾ, ਟਿੱਬੀ ਦਾ ਇਸ ਨੂੰ ਪਤਾ ਨਹੀਂ ਪੈ ਸਕਿਆ। ਪਰ ਉਹ ਲੜਦਾ ਰਿਹਾ। ਇਧਰ ਖਿਦਾਰਣੇ ਦੇ ਸਿੰਘਾਂ ਨੇ ਬੀ ਉਹ ਹੱਲੇ ਬੋਲੇ ਕਿ ਰਹੇ ਸਾਈਂ ਦਾ ਨਾਮ। ਆਖਰ ਵਧਦੇ ਵਧਦੇ ਤੁਰਕ ਤਾਲ ਦੇ ਨੇੜੇ ਆ ਢੁਕੇ। ਹੁਣ ਖਾਲਸੇ ਨੂੰ ਹੱਥੋ ਹੱਥ ਜੰਗ ਆ ਪਿਆ। ਸ਼ਮਸ਼ੇਰਾਂ ਸੂਤ ਕੇ, ਨੇਜ਼ੇ ਭਾਲੇ ਸੰਭਾਲਕੇ ਆਪਣੀ ਵੰਡ ਮੂਜਬ ਵਧ ਵਧ ਕੇ ਲੜੇ। ਅਨੇਕਾਂ ਦੇ ਆਹੂ ਲਾਹੁੰਦੇ ਜ਼ਖ਼ਮੀ ਹੋ ਹੋ ਕੇ ਬੀ ਵਧੇਰੇ ਬਲਕਾਰ ਨਾਲ ਲੜਦੇ ਟੁਕੜੇ ਹੋ ਹੋ ਡਿਗਦੇ।

**ਉਛੱਲੇ ਛਲੰਗੀ, ਗੁਰੂ ਕੇ ਭੁਜੰਗੀ, ਦੀਓ ਓਜ ਐਸੋ, ਹਜ਼ਾਰਾਨ ਜੈਸੋ॥੨੯॥**
**ਮਹਾਂ ਕੋਪ ਠਾਨੈ, ਗਜੈਂ ਕੀਟ ਮਾਨੈ, ਬਡੇ ਓਤਸਾਹੇ, ਰਣੰ ਸ਼ੱਤ੍ਰ ਗਾਹੇ॥੩੦॥**
(ਸੂ. ਪ੍ਰ.)

ਉਧਰ ਬੰਦੂਕਾਂ ਚਲਾਉਣ ਹਾਰੇ ਸਿੰਘਾਂ ਦੇ ਹਾਲ ਦੀ ਵੰਨਗੀ ਇਸ ਵੇਲੇ ਐਉਂ ਸੀ:-

**ਬੱਦ੍ਰੀ ਬਿੰਦ ਮਝਾਰੇ ਸੂਕੇ ਸਰ ਬਿਖੇ। ਥਿਰੇ ਸਿੰਘ ਤਹਿਂ ਭਾਰੇ ਤੁਪਕ ਚਲਾਵਤੇ। ਉਠੇ ਸ਼ਬਦ ਕੜਕਾਰੇ ਗੁਲਕਾਂ ਸ਼ੂੰਕਤੀ। ਲਗੈਂ ਤੁਰਕ ਤਨ ਮਾਰੇ ਗਿਰੈਂ ਪਵੰਗਮਹੁ॥੩੩॥**

(ਗੁ: ਪ੍ਰ: ਸੂ: ਐ: 1-10)

ਇਸ ਤਰ੍ਹਾਂ ਜੋ ਜੋ ਦਸਤਾ ਦੁਸ਼ਮਨ ਦਾ ਵਧਕੇ ਤਾਲ ਵੱਲ ਆਉਂਦਾ, ਇਧਰੋਂ ਅੱਠ ਦਸ ਦਾ ਦਸਤਾ ਬੰਦੂਕਾਂ ਤੀਰ ਲੈ ਅੱਗੇ ਹੁੰਦਾ। ਜਦ ਤੀਰ ਗੋਲੀ ਮੁੱਕ ਜਾਂਦੇ ਤਾਂ ਤਲਵਾਰਾਂ ਸੂਤਕੇ ਜਾ ਪੈਂਦੇ। ਇਹ ਜਾਨਾਂ ਵਾਰਕੇ ਲੜ ਰਹੇ ਸੇ, ਬਚਣ ਦੀ ਆਸ ਧਾਰਕੇ ਫ਼ਤਹ ਦਾ ਖ਼ਿਆਲ ਜੀ ਵਿਚ ਲੈਕੇ ਨਹੀਂ ਲੜ ਰਹੇ ਸੇ, ਇਨ੍ਹਾਂ ਨੇ ਤਾਂ ਲੜਨਾ ਸੀ ਤੇ ਲੜਨਾ ਸੀ, ਅਰ ਮਰਨਾ ਸੀ ਤੇ ਮਰਨ ਤੋਂ ਪਹਿਲਾਂ ਵਧ ਤੋਂ ਵਧ ਨੂੰ ਮਾਰਨਾ ਸੀ। ਇਨ੍ਹਾਂ ਦੇ ਤੇਜ, ਬਲ, ਕੁਰਬਾਨੀ, ਬੀਰਤਾ ਦੇ ਅੱਗੇ ਤਨਖਾਹਦਾਰ, ਬਚਕੇ ਲੜਨਹਾਰਾਂ ਨੇ ਕਦੇ ਉਹ ਬੀਰਤਾ ਦੱਸ ਹੀ ਨਹੀਂ ਸਕਣੀ ਸੀ, ਜੋ ਏਹ ਦਿਖਾ ਰਹੇ ਸੇ। ਸਿੱਖਾਂ ਦਾ ਜੋ ਦਸਤਾ ਮੁਕਦਾ ਅਗਲੇ ਪਾਸੇ ਦੀ ਅਨਗਿਣਤੀ ਦੇ ਸਾਹਮਣੇ ਮਰਦਾ ਸੀ, ਪਰ ਗਿਣਤੀ ਕੀਤਿਆਂ ਇੱਕ ਇੱਕ ਸਿੱਖ ਦੇ ਬਦਲੇ ਵੀਹ ਵੀਹ ਤੀਹ ਤੀਹ ਤੁਰਕ ਮਰਦੇ ਤੇ ਘਾਇਲ ਹੋਕੇ ਡਿੱਗਦੇ ਸੇ। ਇਸ ਤਰ੍ਹਾਂ ਕਈ ਘੰਟੇ ਜੰਗ ਮਚਾਈ ਲੜਦੇ, ਮਰਦੇ, ਮਾਰਦੇ ਰਹੇ, ਅੰਤ ਬਾਕੀ ਤੇਰਾਂ ਸਿੰਘ ਰਹਿ ਗਏ। ਸੋ ਏਹ ਇਕੱਠੇ ਹੀ ਤੇਰਾਂ ਤਲਵਾਰਾਂ ਸੂਤਕੇ ਵਧੇ ਤੇ ਸ਼ੱਤਰੂ ਉੱਤੇ ਜਾ ਪਏ:-

ਚਲੇ ਬੀਰ ਸੋਊ ਬਡੇ ਓਤਸਾਹੇ,
ਧਰੇ ਸ਼ਸਤ੍ਰ ਮਾਰੇ ਮਹਾ ਜੰਗ ਮਾਹੇ।
ਕਢੇ ਮਜਾਨ ਤੇਗ਼ ਗਹੇ ਹੱਥ ਢਾਲੇ;
ਚਲਾਕੀ ਕਰੰਤ ਸੁ ਛਾਲੈਂ ਉਛਾਲੇ॥50॥
ਝਟਾ ਪੱਟ ਜੁੱਟੇ ਲਟਾ ਲੱਟ ਹੋਏ।
ਸਟਾਪੱਟ ਸੁੱਟੇ ਕਟਾ ਕੱਟ ਜੋਏ।
ਕਟਾ ਕੂਟ ਕੱਟੇ ਚਟਾਪੱਟ ਮਾਰੇ,
ਖਟਾ ਖੱਟ ਖੋਟੇ ਹਟਾ ਹੱਟ ਹਾਰੇ॥51॥

ਇਸ ਤਰ੍ਹਾਂ ਲੜਦੇ ਇਹ ਅੱਗੇ ਵਧ ਗਏ ਅਰ ਸੈਨਾ ਵਿਚ ਜਾ ਧੱਸੇ, ਵਡੇ ਵਡੇ ਜੱਥੇਦਾਰ ਨੂੰ ਜੋ ਅੱਗੋਂ ਆਉਂਦਾ ਏਹ ਚੁਣ ਚੁਣ ਕੇ ਮਾਰਦੇ। ਇਸ ਤਰ੍ਹਾਂ ਲੜਦੇ ਵੱਧਦੇ ਚਲੇ ਗਏ। ਛੇਕੜ ਇਨ੍ਹਾਂ ਨੇ ਅਪਣੀਆਂ ਪਵਿੱਤ੍ਰ ਦੇਹੀਆਂ ਟੋਟੇ ਟੋਟੇ ਕਰਾਕੇ ਅਪਣੇ ਪਿਆਰੇ ਸਤਿਗੁਰ ਤੋਂ, ਪੰਥ ਤੋਂ, ਦੇਸ਼ ਤੋਂ, ਸੱਚ ਤੋਂ ਵਾਰ ਘੱਤੀਆਂ। ਤੁਰਕਾਂ ਦਾ ਇੰਨਾ ਨੁਕਸਾਨ ਹੋਇਆ ਕਿ ਕੁਛ ਹਿਸਾਬ ਨਾ ਰਿਹਾ, ਰਵਾਇਤਾਂ ਹਨ ਕਿ ਪੰਜ ਹਜ਼ਾਰ ਸੈਨਾ ਵਿੱਚੋਂ ਪਿੱਛੇ ਮੁੜਨ ਜੋਗ ਮੁਸ਼ਕਲ ਨਾਲ ਦੋ ਹਜ਼ਾਰ ਰਹਿ ਗਏ। ਹੁਣ ਇਹ ਤੱਕਕੇ ਕਿ ਨਾ ਤਾਂ ਅੱਗੋਂ ਕੋਈ ਦਸਤਾ ਸਿੱਖਾਂ ਦਾ ਲੜਨ ਆਉਂਦਾ ਹੈ ਨਾ ਕਿਤੋਂ ਝਾੜ ਝੰਗੀ ਵਿੱਚੋਂ ਤੀਰ ਗੋਲੀ ਆਉਂਦੀ ਹੈ, ਨੁਾਬ ਅੱਗੇ ਵਧਿਆ ਕਿ ਤਾਲ ਉਤੇ ਕਬਜ਼ਾ ਝਟ ਪਟ ਹੋ ਜਾਏ। ਪਰ ਬਦਕਿਸਮਤੀ ਨਾਲ ਉਸ ਨੇ ਅਗੇ ਵਧਕੇ ਕੀ ਡਿੱਠਾ ਕਿ ਤਾਲ ਸੁੱਕਾ ਪਿਆ ਹੈ, ਘੁੱਟ ਪਾਣੀ ਦਾ ਨਹੀਂ ਹੈ। ਹੈਰਾਨ ਹੋਇਆ ਕਿ ਸੁੱਕੀ ਢਾਬ ਲਈ ਸਿੱਖ ਕਿਉਂ ਲੜ ਮਰੇ? ਪਰ ਸੱਖਣੇ ਦਿਮਾਗ਼ ਵਾਲੇ ਜ਼ਾਲਮ ਨੂੰ ਕੀਹ ਪਤਾ ਸੀ ਕਿ ਜੀਉਂਦੇ ਜੋਧਿਆਂ ਦੇ ਜੰਗੀ ਦਾਉ ਪੇਚ ਕੁਛ ਹੋਰ ਤਰ੍ਹਾਂ ਦਾ ਮੁੱਲ ਰੱਖਦੇ ਹਨ। ਨਵਾਬ ਨੇ ਠੰਢਾ ਸਾਹ ਲੀਤਾ ਤੇ ਆਖਿਆ:— "ਹੈਫ਼! ਸੈਨਾਂ ਬੀ ਮਰਵਾਈ ਤੇ ਪਾਣੀ ਬੀ ਨਾ ਲੱਭਾ, ਪਰ ਹਸਰਤ ਮਿਟ ਜਾਏ, ਜੋ ਅੱਲਾ ਚਾਹੇ ਤਾਂ ਮਿਟੇਗੀ ਕਿ ਇਸ ਮੁਰਦਾ ਪਈ ਵਹੀਰ ਵਿੱਚੋਂ ਹੁਣ ਕਲਗ਼ੀਧਰ ਦਾ ਕਲਗੀ ਵਾਲਾ ਸੀਸ ਮਿਲੇਗਾ, ਤਲਾਸ਼ ਕਰੋ"। ਆਪ ਨਵਾਬ ਪਰਲੇ ਪਾਸੇ ਇਕ ਝੰਗੀ ਵਲ ਗਿਆ, ਕੀ ਦੇਖਦਾ ਹੈ ਕਿ ਇਕ ਗ੍ਰਾਂਡੀਲ ਲੰਮੀ ਤ੍ਰੀਮਤ ਸਾਂਗ ਲਈ ਖੜੀ ਹੈ। ਇਸ ਨੇ ਅੱਗੇ ਜੁੱਧ ਵਿਚ ਕਾਫੀ ਹਿੱਸਾ ਲਿਆ ਸੀ, ਹੁਣ ਇਕ ਅਪਣੇ ਵੱਲ ਵਧੇ ਆ ਰਹੇ ਪਠਾਨ ਨੂੰ ਸਾਂਗ ਨਾਲ ਪ੍ਰੋਕੇ ਪਰੇ ਸੁੱਟਕੇ ਅੱਗੇ ਵਧੀ ਹੀ ਸੀ ਕਿ ਇਕ ਹੋਰ ਤੁਰਕ ਨੇ, ਜੋ ਘੋੜੇ ਪਰ ਸਵਾਰ ਸੀ, ਅੱਗੇ ਵਧਕੇ ਤਲਵਾਰ ਚਲਾਈ, ਪਰ ਉਸ ਤੋਂ ਪਹਿਲਾਂ ਤ੍ਰੀਮਤ ਨੇ ਉਸ ਨੂੰ ਸਾਂਗ ਨਾਲ ਪ੍ਰੋਕੇ ਧਰਾ ਤੇ ਡੇਗ ਲਿਆ। ਇਧਰੋਂ ਇਕ ਹੋਰ ਪਠਾਣ ਅੱਗੇ ਵਧਿਆ, ਇਸਨੇ ਗਤਕੇਬਾਜ਼ੀ ਦਾ ਇਕ ਪਲੱਥਾ ਕਰਕੇ ਵਾਰ ਕੀਤਾ, ਸੱਟ ਖਾਕੇ ਤ੍ਰੀਮਤ ਢਹਿ ਪਈ, ਉਸਨੂੰ ਢੱਠੀ ਸਮਝ ਕੇ ਪਠਾਣ ਅੱਗੇ ਹੋਣ ਲੱਗਾ ਸੀ ਕਿ ਉਸਦੇ ਮੱਥੇ ਵਿਚ ਇਕ ਸ਼ੂਕਦਾ ਤੀਰ ਆ ਵੱਜਾ, ਉਹ ਕਾਇਰ ਉੱਥੇ ਹੀ ਸੈਆਂ ਵਰ੍ਹਿਆਂ ਦਾ ਹੋ ਢੱਠਾ। ਚਾਰ ਚੁਫੇਰੇ ਦੇਖ ਭਾਲ ਹੋਈ ਕਿ ਤੀਰ ਕਿੱਥੋਂ ਆਇਆ ਹੈ। ਛੇਕੜ ਇਹ ਸਮਝਕੇ ਕਿ ਸਿਖ ਤਾਂ ਕੋਈ ਬਾਕੀ ਨਹੀਂ ਹੈ, ਇਹ ਕਿਤੋਂ ਕਿਸੇ ਆਪਣੇ ਦਾ ਹੀ ਤੀਰ ਹੋਣਾ ਹੈ ਜੋ ਦੂਰੋਂ ਭੁਲੇਵੇਂ ਸਿਰ ਆ ਗਿਆ ਹੋਊ ਤੇ ਇਹ ਸਮਝ ਕੇ ਕਿ ਤ੍ਰੀਮਤ ਮਰ ਗਈ ਹੈ ਫੇਰ ਤਲਾਸ਼ ਸ਼ੁਰੂ ਹੋਈ। ਪਰ ਕਪੂਰ ਸਿੰਘ ਨੇ ਸਿਆਣ ਲਿਆ ਸੀ ਕਿ ਤੀਰ ਇਹ ਮੇਰੇ ਸਤਿਗੁਰ ਦਾ ਹੈ। ਤਾਲ ਵਿਚ, ਤਾਲ ਦੇ ਕੰਢੇ, ਝੰਗੀਆਂ, ਬੇਰੀਆਂ ਝਾੜੀਆਂ ਦੂਰ ਦੂਰ ਤੱਕ ਜਿੱਥੇ ਸਿਖ ਮੁਰਦਾ ਯਾ ਸਿਸਕਦਾ ਪਿਆ ਸੀ, ਤਲਾਸ਼ ਹੋਈ। ਕਪੂਰ ਸਿੰਘ ਨਾਲ ਸੀ, ਜਿਸ ਜਿਸ ਸੀਸ ਤੇ ਸ਼ੱਕ ਪਵੇ ਕਪੂਰ ਸਿੰਘ ਨੂੰ ਦਿਖਲਾਉਣ, ਉਹ ਸਿਰ ਫੇਰੇ ਤੇ ਆਖੇ, "ਨਵਾਬ ਜੀ! ਗੁਰੂ ਜੀ ਹੱਥ ਆਉਣ ਵਾਲੀ ਸੱਤਜਾ ਨਹੀਂ। ਓਹ ਸਾਹਿਬ ਕਸ਼ਫ ਲੋਕ ਹਨ। ਗ਼ੈਬੀ ਤਾਕਤਾਂ ਬੀ ਉਨ੍ਹਾਂ ਦੇ ਵੱਸ ਵਿਚ ਹਨ, ਤੁਸੀਂ ਜਤਨ ਕਰ ਚੁਕੇ ਹੋ, ਪਰ ਮੈਨੂੰ ਆਸ ਨਹੀਂ ਕਿ ਉਹ ਲਸ਼ਕਰ

ਵਿਚ ਮਾਰੇ ਗਏ ਹੋਣ, ਜਿਸ ਵਿਚ ਕਿ ਆਪ ਐਸ ਵੇਲੇ ਫ਼ਤਹਯਾਬ ਵਿਚਰ ਰਹੇ ਹੋ''। ਨਵਾਬ ਘੂਰ ਕੇ ਤੱਕਿਆ, ਪਰ ਫੇਰ ਕਹਿਣ ਲੱਗਾ: ''ਦੱਸੋ ਹੁਣ ਚੌਧਰੀ ਜੀ! ਪਾਣੀ ਕਿੱਥੇ ਮਿਲੇ? ਸਾਰੀ ਫੌਜ ਵਿਚ ਅਲਅਤਸ਼ ਅਲਅਤਸ਼ (ਪਿਆਸ ਪਿਆਸ) ਹੋ ਰਹੀ ਹੈ। ਵਿਸਾਖ ਦਾ ਮਹੀਨਾ ਹੈ, ਜ਼ਖ਼ਮੀਆਂ ਵਿਚ ਕੁਰਲਾਟ ਪਾਣੀ ਦੀ ਪੈ ਰਹੀ ਹੈ। ਮਸ਼ਕਾਂ, ਚਮਰਟੇ ਤੇ ਚਰਸੇ, ਜੋ ਖੱਚਰਾਂ ਬੋਲਦਾਂ ਦੇ ਨਾਲ ਲਿਆਏ ਸਾਂ, ਮੁੱਕ ਗਏ ਹਨ, ਦਿਨ ਢਲ ਗਿਆ ਹੈ, ਪਾਣੀ ਦਾ ਛੇਤੀ ਉਪਰਾਲਾ ਕਰੋ''। ਕਪੂਰ ਸਿੰਘ ਨੇ ਆਖਿਆ, ''ਪਾਤਸ਼ਾਹ! ਜੇ ਤਾਂ ਅੱਗੇ ਵਧਣਾ ਹੈ ਤਾਂ ਪਾਣੀ 30 ਕੋਹ ਤੇ ਹੈ ਤੇ ਜੇ ਪਿੱਛੇ ਮੁੜਨਾ ਹੈ ਤਾਂ ਪਾਣੀ ਦਸਾਂ ਕੋਹਾਂ ਦੇ ਲਗ ਪਗ ਮਿਲੇਗਾ''। ਨਵਾਬ ਨੇ ਆਖਿਆ ਕਿ ਵਧਣਾਂ ਤਾਂ ਅੱਗੇ ਹੈ ਹੁਣ ਪਿੱਛਾ ਕਰਕੇ ਗੁਰੂ ਨੂੰ ਫੜਨਾ ਹੈ। ਐਨ ਇਸ ਵੇਲੇ ਇਕ ਡਾਢਾ ਵਜ਼ਨਦਾਰ ਤੀਰ ਸ਼ੂਕਦਾ ਆਇਆ ਅਰ ਨਵਾਬ ਦੇ ਸਾਹਮਣੇ ਖੜੇ ਇਕ ਤ੍ਰਬੂਜ਼ ਜੇਡੇ ਸਿਰ ਵਾਲੇ ਮੁਗਲ ਦੇ ਸੀਨੇ ਵਿਚ ਵੱਜਾ ਜੋ ਦੜ ਕਰਦਾ ਢੱਠਾ। ਨਵਾਬ ਇਸ ਵੇਲੇ ਤਾਲ ਦੇ ਢਾਹੇ ਦੇ ਆਸਰੇ ਸੀ। ਕਪੂਰੇ ਆਖਿਆ, ''ਇਹ ਮਾਰੂਥਲ ਹੈ, ਪਾਣੀ ਹੈ ਨਹੀਂ, ਗ਼ੈਬੀ ਤੀਰ ਦੇਖ ਲਓ ਕੋਈ ਨਾ ਕੋਈ ਸਾਰਿਆਂ ਦੇ ਮਰ ਗਿਆਂ ਬੀ, ਆ ਪੈਂਦਾ ਹੈ। ਕਦ ਤਕ ਪਿਆਸੇ ਰਹੋਗੇ ਤੇ ਅੱਗੇ ਵਧੋਗੇ''। ਇਹ ਸੁਣਕੇ ਨਵਾਬ ਨੇ ਬੁੱਲ੍ਹ ਟੁੱਕੇ, ਚਾਰ ਚੁਫੇਰੇ ਤ੍ਰਬ੍ਰਕਦਾ ਤੱਕਦਾ ਡੇਰੇ ਆਇਆ, ਬਾਕੀ ਬਚੇ ਸਰਦਾਰਾਂ ਨਾਲ ਵਿਚਾਰ ਕੀਤੀ। ਅੰਤ ਪਿਛਾਹਾਂ ਮੁੜਨਾ ਹੀ ਸਹੀ ਠਹਿਰਿਆ। ਅੱਜ ਦੀ ਕਟਾ ਵੱਢ ਨੂੰ ਫ਼ਤਹ ਆਖਕੇ ਤੇ ਫ਼ਤਹ ਦਾ ਡੰਕਾ ਵਜਾਕੇ ਲਸ਼ਕਰ ਪਿੱਛੇ ਮੁੜ ਪਿਆ। ਪਾਣੀ ਦੀ ਟੋਟ ਨੇ ਮੁਰਦਿਆਂ ਦੇ ਦਫ਼ਨ ਕਰਨ ਦੀ ਬੀ ਫ਼ੁਰਸਤ ਨਾ ਦਿੱਤੀ ਅਤੇ ਜ਼ਖ਼ਮੀਆਂ ਵਾਸਤੇ ਕੁਛ ਬੈਰਾੜ ਸੇਵਾਦਾਰ ਛੱਡੇ ਗਏ ਕਿ ਸਹਿਜੇ ਬੰਦੋਬਸਤ ਕਰਕੇ ਵਾਪਸ ਯਾ ਡੇਰੇ ਮਗਰ ਮਗਰ ਅਪੜਾ ਦੇਣ। ਜਦੋਂ ਨੂੰ ਲਸ਼ਕਰ ਸ਼ਾਹੀ ਮੁੜ ਗਿਆ ਤਾਂ ਉਸ ਟਿੱਬੀ ਤੋਂ ਸ੍ਰੀ ਗੁਰੂ ਜੀ ਹੇਠਾਂ ਉਤਰੇ, ਆਪ ਘੋੜੇ ਤੇ ਚੜ੍ਹੇ ਹੋਏ ਨਾਲ ਪਿਆਰੇ ਟੁਰਦੇ ਸਾਰੇ ਜਣੇ ਖਿਦਰਾਣੇ ਆਏ।

ਆਹ! ਹੁਣ ਨਜ਼ਾਰਾ ਪਿਆਰਿਆਂ ਦਾ! ਆਪਾ ਵਾਰਨ ਦਾ ਅੱਖਾਂ ਅੱਗੇ ਹੈ। ਕੌਣ ਪਏ ਸਨ?

ਕੱਟੇ ਵੱਢੇ ਟੁਕੜੇ ਹੋਏ ਹੋਏ? ਸੀਸ ਕਿਤੇ, ਧੜ ਕਿਤੇ, ਬਾਂਹਾਂ ਕਿਤੇ। ਕੋਈ ਗੋਲੀ ਨਾਲ ਫੱਟਿਆ ਪਿਆ ਹੈ, ਕੋਈ ਦੇਹੀ ਲਹੂਧਾਰਾ ਵਹਿ ਵਹਿ ਕੇ ਸਰਦ ਹੋ ਰਹੀ ਹੈ। ਕੋਈ ਤੀਰਾਂ ਨਾਲ ਵਿੰਨ੍ਹਿਆਂ ਸੇਹ ਵਾਂਙੂ ਪ੍ਰੋਤਾ ਪਿਆ ਹੈ। ਕੋਈ ਸੇਲ੍ਹੇ ਨਾਲ ਘਾਇਲ ਹੋ ਤਨ ਤੋੜਦਾ ਪਿਆ ਹੈ। ਕੋਈ ਬੇਸੁਧ ਹੈ, ਅੱਖਾਂ ਤਾੜੇ ਲਗ ਰਹੀਆਂ ਹਨ, ਜਾਨ ਟੁੱਟ ਰਹੀ ਤੇ ਪਿੰਜਰ ਛਡ ਰਹੀ ਹੈ। ਆਹ, ਖਾਲਸੇ ਦੇ ਪਿਤਾ! ਪੁੱਤ੍ਰਾਂ ਦੇ ਇਸ ਦਰਸ਼ਨ ਨੂੰ ਦੇਖ ਰਹੇ ਹੋ! ਏਹ ਓਹ ਲਾਡਲੇ ਪੁਤ੍ਰ ਹਨ, ਜੋ ਗੁਸਤਾਖ਼ ਹੋ ਗਏ ਸਨ, ਬੇਅਦਬ ਹੋ ਗਏ ਸਨ, ਟੁੱਟੇ ਪਏ ਸਨ, ਬੇਦਾਵੇ ਬੀ ਹੋ ਗਏ ਸਨ। ਪਰ ਹਾਇ! ਅੰਦਰ ਦੀਆਂ ਲੱਗੀਆਂ, ਟੁੱਟੇ ਹੋਏ ਨਹੀਂ ਟੁੱਟੇ, ਪਿੱਠਾਂ ਦੇ ਗਏ, ਮੂੰਹ ਮੋੜ ਗਏ ਪਰ ਦਿਲਾਂ ਵਿਚ ਕੋਈ ਕਸਕ ਕਸਕਦੀ ਹੀ ਰਹੀ। ਘਰੀਂ ਗਏ, ਘਰ ਚੰਗੇ ਨਹੀਂ ਲੱਗੇ। ਘਰਾਂ ਤੋਂ ਫੇਰ ਮੁੜੇ, ਫੇਰ ਆਏ, ਫੇਰ ਅੜਕੇ, ਫੇਰ ਝਿਜਕੇ, ਫੇਰ ਠੱਸਾ ਖਾਧਾ, ਪਰ ਹਾਇ! ਅੰਦਰ ਦੀਆਂ ਲੱਗੀਆਂ ਓਹ ਮੋਹ ਤਣਾਵਾਂ ਜੋ ਅੰਦਰੋਂ ਨਹੀਂ ਸਨ ਤਰੁੱਟੀਆਂ ਫੇਰ ਲੈ ਉਡੀਆਂ। ਪਿਆਰੇ ਦੀ ਆਖ਼ਰੀ ਸੱਦ ਤੋਂ ਸਦਕੇ ਕਰ ਹੀ ਦਿਤਾ। ਹਾਂ, ਗੁਰੂ ਗੋਬਿੰਦ ਸਿੰਘ! ਏਹ ਤੇਰੇ ਸ਼ੋਰੀ ਪੁਤ੍ਰ ਹਨ, ਬੇਦਾਵੇ ਵਾਲੇ ਪੁਤ੍ਰਾਂ ਦਾ ਏਹ ਹਾਲ ਹੈ ਦਾਹਵੇਦਾਰਾਂ ਦੀ ਕਰਨੀ ਦਾ ਕੌਣ ਅੰਦਾਜ਼ਾ ਕਰੇ? ਏਹ ਤੇਰੇ ਓਹ ਪੁਤ੍ਰ ਹਨ ਜੋ ਪਿੱਛੇ ਹਟ ਹਟਕੇ ਅੱਗੇ ਵਧੇ ਹਨ। ਹਾਂ, ਜਗਤ ਤਾਂ ਇਨ੍ਹਾਂ ਨੂੰ ਬਹੁਤ ਹੀ ਮਾੜਾ ਕਹਿੰਦਾ ਹੈ, ਪਰ ਮੂਰਖ ਹੈ ਜਗਤ। ਵੇਖੋ ਗੁਰੂ ਇਨ੍ਹਾਂ ਨੂੰ ਕਿੰਨਾ ਪਿਆਰ ਕਰਦਾ ਹੈ। ਜਿਸਨੇ ਚਮਕੌਰ ਤਨ ਦੇ ਜਾਏ ਅੱਖਾਂ ਅੱਗੇ ਕੁਹਾਏ ਤੇ ਅੱਖੀਂ ਨੀਰ ਨਹੀਂ ਭਰਿਆ, ਅੱਜ ਦੇਖੋ ਉਸ ਪਿਤਾ ਜੀ ਨੇ ਨੈਣ ਭਰ ਲਏ ਹਨ! ਔਹ ਦੇਖੋ ਮਹਾਂ ਜੋਧਾ ਮੂਰਤੀ ਕਿਸ ਤਰ੍ਹਾਂ ਦ੍ਰਵੀ ਹੈ, ਕਿਵੇਂ ਇਕ ਸੀਸ ਉਤੇ ਝੁਕੇ ਹਨ, ਗਰਦ ਪੂੰਝੀ ਹੈ, ਮੱਥਾ ਚੁੰਮਿਆ ਹੈ ਤੇ ਆਖਿਆ, ''ਮੇਰਾ ਪੰਜ ਹਜ਼ਾਰੀ ਲਾਲ, ਸ਼ਾਬਾਸ਼! ਪੁੱਤ੍ਰ ਤੇਰੇ ਉੱਤੇ ਨਰਕਾਂ ਦਾ ਦੁਖ ਹਰਾਮ ਕੀਤਾ''। ਔਹ ਦੇਖੋ, ਇਕ ਤੀਰ ਵਿੱਧੀ ਲੋਥ ਦਾ ਸੀਸ ਗੋਦ ਵਿਚ ਲੈਕੇ ਦੁਪੱਟੇ ਨਾਲ ਪੂੰਝਦੇ ਤੇ ਆਖਦੇ ਹਨ, ''ਮੇਰਾ ਤ੍ਰੀਹ ਹਜ਼ਾਰੀ ਪੁੱਤ੍ਰ।'' ਦੇਖੋ ਨੈਣ ਭਰ ਆਏ, ਦੈਵੀ ਸੋਮੇ ਅੱਖਾਂ ਤੋਂ ਤ੍ਰੱਪ ਤ੍ਰੱਪ ਕਿਰੇ ਅਰ ਤ੍ਰੀਹ ਹਜ਼ਾਰੀ ਦੀਆਂ ਗੱਲ੍ਹਾਂ ਤੇ ਪਏ। ਓ ਸਿੱਖ ਪਿਆਰੇ ਸਿੱਖ! ਦੇਖ, ਤੂੰ ਮਰਕੇ ਨਿਹਾਲ ਹੋ ਗਿਆ। ਐਉਂ ਉਤਾਵਲੇ ਕਾਹਲੇ ਕਾਹਲੇ ਹਰ ਸੀਸ ਨੂੰ ਪਿਆਰ ਤੇ ਵਰਦਾਨ ਦੇਂਦੇ ਵਧਦੇ ਚਲੇ ਗਏ ਕਿ ਇਕ ਸਿਸਕਦਾ ਸੀਸ ਮਿਲਿਆ। ਕਮਰਕਸੇ ਦੀ ਬੰਦਸ਼ ਤੋਂ ਪਛਾਣਿਆਂ, ਉਹੋ ਏਹ ਮੇਰਾ ਜਥੇਦਾਰ ਹੈ। ਸਿਰਹਾਣੇ ਬਹਿ ਗਏ, ਸੀਸ ਗੋਦ ਵਿਚ ਲੈ ਲਿਆ, ਆਪਣੇ ਰੁਮਾਲ ਨਾਲ ਮੂੰਹ ਪੂੰਝਿਆ, ਲਬਾਂ ਆਪ ਖੁਹਲੀਆਂ, ਪਾਣੀ ਮੂੰਹ ਵਿਚ ਚੋਇਆ, ਇਕ ਘੁੱਟ ਲੰਘ ਗਿਆ। ਦੂਸਰਾ ਹੋਰ ਚੋਇਆ, ਇਹ ਬੀ ਲੰਘ ਗਿਆ, ਹੋਰ ਤ੍ਰੈ ਘੁੱਟ ਪਾਏ ਸਾਰੇ ਲੰਘ ਗਏ। ਨੈਣ ਖੁੱਲ੍ਹ ਆਏ, ਹੋਸ਼ ਪਰਤ ਆਈ, ਆਸੰਙ ਉੱਠਣ ਦੀ ਨਹੀਂ, ਪਰ ਕੁਛ ਚਿਰ ਵਿਚ ਜੀਭ ਵਿਚ ਬੋਲਣ ਦਾ ਤਾਣ ਆ ਗਿਆ: 'ਆਹ, ਮੇਰੇ ਕਲਗੀਧਰ ਪਿਤਾ! ਹਾਂ, ਮੇਰਾ ਪਿਤਾ ਮੈਨੂੰ ਗੋਦ ਵਿਚ ਲਈ ਮੇਰੇ ਵੱਲ ਤੱਕ ਰਿਹਾ ਹੈ, ਕੋਈ ਕੋਈ ਨੈਣਾਂ ਦਾ ਮੋਤੀ ਮੇਰੇ ਉਤੇ ਡੁੱਲ੍ਹ ਰਿਹਾ ਹੈ। ਆਹ, ਸਤਿਗੁਰ ਬਖਸ਼ਿੰਦ ਬਾਪੂਆ! ਆਹ, ਪਾਪੀਆਂ ਦੇ ਬੇਲੀਆ, ਬੇਮੁਖਾਂ ਦੇ ਰਾਖਿਆ, ਧੰਨ ਤੂੰ! ਇਹ ਕ੍ਰਿਪਾ! ਮੇਰਾ ਅੰਤ ਸਫ਼ਲ ਹੋ ਗਿਆ, ਤੈਂ ਦਰਸ਼ਨ ਦਿਤੇ।'

ਕਲਗੀਧਰ— ਮੈਂ ਸਿਆਣ ਲੀਤਾ ਹੈ, ਬੱਚਾ ਮਹਾਂ ਸਿੰਘ! ਮੰਗ, ਕੁਝ ਮੰਗ, ਵੇਲਾ ਥੋੜਾ ਹੈ, ਮੰਗ, ਮੈਂ ਦਿਆਂ ਤੇ ਮੇਰੀ ਛਾਤੀ ਠਰੇ ਜੋ ਪੁੱਤ੍ਰ ਦੀ ਮੈਂ ਮੰਗ ਪੂਰੀ ਕੀਤੀ ਹੈ, ਬੱਚਾ ਮੰਗ। ਮਹਾਂ ਸਿੰਘ ਨੇ ਇਸ ਵੇਲੇ ਕੰਬਦੇ ਹੱਥ ਕਠੇ ਕਰਕੇ ਜੋੜੇ ਤੇ ਕਿਹਾ ''ਟੁੱਟੀ ਗੰਢੋ''। ਸਤਿਗੁਰ ਨੇ ਕਿਹਾ ''ਕੁਛ ਆਪਣੇ ਲਈ ਮੰਗ''। ਮਹਾਂ ਸਿੰਘ ਨੇ ਕਿਹਾ:''ਪੰਥ ਲਈ, ਵੀਰਾਂ ਲਈ, ਮੇਰੇ ਵਰਗੇ ਖਰੂਦੀ ਪੁੱਤਰਾਂ ਲਈ ਦਾਨ ਦੇਹੁ, ਦਾਨ ਦੇਹੁ, ਦਾਨ ਦੇਹੁ, ਟੁੱਟੀ ਗੰਢੋ, ਟੁੱਟੀ ਗੰਢੋ, ਟੁੱਟੀ ਗੰਢੋ।'' ਸਤਿਗੁਰ ਦੇ ਨੈਣ ਇਸ ਵੇਲੇ ਵਾਤਸਲ ਰਸ ਤੇ ਸਿਖ ਦੇ ਸਿਖੀ ਪ੍ਰੇਮ ਨਾਲ ਉੱਛਲ ਆਏ। ਅਚਰਜ ਮਿਹਰਾਂ ਨਾਲ ਤੱਕ ਰਹੇ ਸਨ ਕਿ ਮਹਾਂ ਸਿੰਘ ਦੇ ਮਿਟਦੇ ਨੈਣ ਫੇਰ ਖੁਲ੍ਹੇ, ਫੇਰ ਬੋਲਿਆ: ''ਸਾਡਾ ਲਿਖਿਆ ਕਾਗਦ, ਭੈੜਾ ਕਾਗਦ ਪਾੜ ਦਿਓ।'' ਸਤਿਗੁਰ ਨੇ ਉਹ ਕਾਗਜ਼ ਜੇਬੇ ਵਿਚੋਂ ਕੱਢਿਆ, ਮਹਾਂ ਸਿੰਘ ਨੂੰ ਦਿਖਾਇਆ, ਸਤਿਗੁਰ ਨੇ ਕਾਗਜ਼ ਫਾੜਿਆ, ਟੁਕੜੇ ਟੁਕੜੇ ਕੀਤਾ, ਟੁਕੜੇ ਹਵਾ ਵਿਚ ਉਡਾ ਦਿਤੇ। ਆਖਿਆ ''ਲੈ ਮਹਾਂ ਸਿੰਘ, ਟੁੱਟੀ ਗੰਢੀ ਗਈ'' ਹਾਂ ਜੀ, ਮਹਾਂ ਸਿੰਘ ਨੇ ਦੇਖ ਲਿਆ, ਕਾਗਤ ਪਾਟ ਗਿਆ, ਟੁੱਟੀ ਗੰਢੀ ਗਈ ਤੇ ਸ੍ਰੀ ਮੁਖ ਤੋਂ ਵਾਕ ਹੋਇਆ:-

''ਜਾਹੁ ਮਹਾਂ ਸਿੰਘ ਜਹਿਂ ਮਮਲੋਕ। ਬਸਹੁ ਸਦਾ ਕਬ ਨਹਿਂ ਤਹਿਂ ਸ਼ੋਕ। ਦੇ ਕਰ ਪ੍ਰਾਨ ਕੀਨ ਉਪਕਾਰ। ਤਿਸਕੋ ਫਲ ਤੁਹ ਭਇਓ ਅਪਾਰ''॥੩੭॥ (ਗੁ: ਪ੍ਰ: ਸੂ: ਐ: ੧-੧੨)

ਹੁਣ ਮਹਾਂ ਸਿੰਘ ਨੇ ਇਕ ਲੰਮਾ ਸੁਖ ਦਾ ਸਾਹ ਲਿਆ ਤੇ ਨੈਣ ਮੁੰਦ ਲਏ। ਠੰਢੇ ਠੰਢੇ ਨੈਣ-ਅੰਦਰਲੀ ਠੰਢ ਨਾਲ ਸੀਤਲ ਹੋ ਗਏ ਨੈਣ-ਮਿਟ ਗਏ, ਸਦਾ ਲਈ ਮਿਟ ਗਏ, ਪਰ ਖੁਲ੍ਹ ਗਏ ਸਦਾ ਲਈ ਇਸ ਦੇਸ਼ ਦੇ ਦੂਸਰੇ ਪਾਸੇ।

**– ਕਲਗੀਧਰ ਚਮਤਕਾਰ, ਭਾਗ-੨**

# ਭਾਈ ਮਹਾਂ ਸਿੰਘ ਜੀ

❖ ਗਿਆਨੀ ਗੁਰਚਰਨ ਸਿੰਘ ਮੁਕਤਸਰੀ

ਮਾਘੀ ਦੇ ਸ਼ੁਭ ਦਿਹਾੜੇ ਤੇ ਸ੍ਰੀ ਮੁਕਤਸਰ ਸਾਹਿਬ ਵਿਖੇ ਭਾਰੀ ਪੰਥਕ ਇਕੱਠ ਹੁੰਦਾ ਹੈ ਜਿਸ ਵਿਚ ਰਾਗੀ, ਪ੍ਰਚਾਰਕ ਤੇ ਆਗੂ ਆਪੋ ਆਪਣੇ ਢੰਗ ਨਾਲ ਇਥੋਂ ਦੇ ਸ਼ਹੀਦ ਸਿੰਘਾਂ ਅਤੇ ਮਾਈ ਭਾਗ ਕੌਰ (ਭਾਗੋ) ਦੀਆਂ ਕੁਰਬਾਨੀਆਂ ਦਾ ਕਥਨ ਕਰਦੇ ਹਨ। ਸੁਣਾਉਣ ਵਾਲੇ ਸੁਣਾ ਕੇ ਅਤੇ ਸ੍ਰੋਤੇ ਸੁਣ ਕੇ ਘਰਾਂ ਨੂੰ ਪਰਤ ਜਾਂਦੇ ਹਨ। ਇਥੋਂ ਦੇ ਇਤਿਹਾਸ ਤੋਂ ਜੋ ਸਿੱਖਣ ਦੀ ਲੋੜ ਹੈ, ਉਸ ਵੱਲ ਸ਼ਾਇਦ ਹੀ ਕੋਈ ਵਿਰਲਾ ਧਿਆਨ ਦੇਵੇ।

ਜਥੇਦਾਰ ਮਹਾਂ ਸਿੰਘ ਜੀ, ਜੋ ਗੁਰੂ ਤੋਂ ਬੇਮੁਖ ਹੋਇਆਂ ਨੂੰ ਮੁੜ ਸਨਮੁਖ ਬਣਾਉਣ ਵਾਸਤੇ ਗੁਰੂ ਜੀ ਪਾਸੋਂ ਆਪਣੇ ਗੁਨਾਹਾਂ ਦੀ ਮੁਆਫ਼ੀ ਲਈ ਖਿਦਰਾਣੇ ਦੀ ਢਾਬ ਤੇ ਪਹੁੰਚੇ ਅਤੇ ਦੁਸ਼ਮਨੀ ਫ਼ੌਜ ਨਾਲ ਰਣ ਵਿਚ ਜੂਝਦੇ ਸ਼ਹੀਦ ਹੋਏ, ਦੇ ਜੀਵਨ ਦੀ ਅੰਤਲੀ ਇੱਛਾ ਨੂੰ ਅਪਨਾ ਲਈਏ ਤਾਂ ਪੰਥ ਉਪਰ ਵਰਤਮਾਨ ਮਹਾਂ ਸੰਕਟ ਵਰਗੇ ਸੰਕਟ ਆਉਣ ਹੀ ਨਾ ਅਤੇ ਜੇ ਆਉਣ ਵੀ ਤਾਂ ਛੇਤੀ ਹੀ ਦੂਰ ਹੋ ਜਾਣ।

ਉਹਨਾਂ ਦੀ ਅੰਤਲੀ ਇੱਛਾ ਨੂੰ ਮਹਾਨ ਵਿਦਵਾਨ ਭਾਈ ਸਾਹਿਬ ਸੰਤੋਖ ਸਿੰਘ ਜੀ ਨੇ ਆਪਣੀ ਕ੍ਰਿਤ **ਗੁਰ ਪ੍ਰਤਾਪ ਸੂਰਜ ਗ੍ਰੰਥ** ਵਿਚ ਬੜੇ ਸੁੰਦਰ ਸ਼ਬਦਾਂ ਵਿਚ ਕਥਨ ਕੀਤਾ ਹੈ। ਭਾਈ ਸਾਹਿਬ ਦੱਸਦੇ ਹਨ ਕਿ ਜਦ ਕਲਗੀਧਰ ਪਾਤਸ਼ਾਹ ਖਿਦਰਾਣੇ ਦੀ ਢਾਬ ਤੇ ਪਹੁੰਚ ਸ਼ਹੀਦ ਸਿੰਘਾਂ ਦੇ ਮੁਖ ਆਪਣੇ ਰੁਮਾਲ ਨਾਲ ਪੂੰਝਦੇ ਅਤੇ ਉਨ੍ਹਾਂ ਨੂੰ ਪੰਜ ਹਜ਼ਾਰੀ, ਦਸ ਹਜ਼ਾਰੀ ਆਦਿ ਰੁਤਬੇ ਦਿੰਦੇ ਸਿਸਕ ਰਹੇ ਭਾਈ ਮਹਾਂ ਸਿੰਘ ਜੀ ਪਾਸ ਪਹੁੰਚੇ ਤਾਂ ਉਨ੍ਹਾਂ ਨੂੰ ਨੇਤਰ ਖੋਲ੍ਹਣ ਲਈ ਕਿਹਾ। ਭਾਈ ਸਾਹਿਬ ਨੇ ਹੋਸ਼ ਵਿਚ ਆ ਕੇ ਜਦ ਆਪਣੇ ਮੁੰਦੇ ਨੇਤ੍ਰ ਖੋਲ੍ਹੇ ਤਾਂ ਗੁਰੂ ਜੀ ਦੇ ਦੀਦਾਰ ਕਰਕੇ ਗਦ-ਗਦ ਹੋ ਗਏ। ਗੁਰੂ ਜੀ ਨੇ ਜਦ ਉਨ੍ਹਾਂ ਨੂੰ ਆਪਣੀ ਕੋਈ ਭੀ ਮੰਗ ਮੰਗਣ ਲਈ ਫੁਰਮਾਇਆ ਤਾਂ ਉਨ੍ਹਾਂ ਨੇ ਬਾਰ ਬਾਰ ਗੁਰੂ ਜੀ ਵਲੋਂ ਕਹੇ ਜਾਣ ਤੇ ਭੀ ਆਪਣੇ ਵਾਸਤੇ ਕੋਈ ਮੰਗ ਨਾ ਮੰਗੀ। ਗੁਰੂ ਜੀ ਨੇ ਮੁੜ ਜੀਵਨ, ਰਾਜ-ਭਾਗ, ਆਦਿ ਕਈ ਗੱਲਾਂ ਵਿਚੋਂ ਕੋਈ ਇੱਛਾ ਪੂਰੀ ਕਰ ਲੈਣ ਲਈ ਆਖਿਆ ਪਰ ਉਨ੍ਹਾਂ ਨੇ ਆਪਣੇ ਲਈ ਕੁਛ ਭੀ ਨਾ ਮੰਗਿਆ। ਗੁਰੂ ਜੀ ਵੱਲੋਂ ਜ਼ਿਆਦਾ ਜ਼ੋਰ ਦਿੱਤੇ ਜਾਣ ਤੇ ਆਪਣੀ ਮੰਗ ਬਣਾਉਣ ਲਈ ਜੋ ਵਿਚਾਰ ਕੀਤੀ ਉਸ ਬਾਰੇ ਭਾਈ ਸੰਤੋਖ ਸਿੰਘ ਜੀ ਨੇ ਆਪਣੇ ਗ੍ਰੰਥ ਦੇ ਐਨ 1, ਅੰਸੂ 12, ਵਿਚ ਲਿਖਿਆ ਹੈ:

**ਪਰਉਪਕਾਰ ਮਹਾਤਮ ਮਹਾਂ। ਸੁਨਯੋ ਸੰਤ ਜਨ ਤੇ ਜਹਿ ਕਹਾਂ ।।੨੪।।**
**ਇਕ ਪਰ ਕਰੇ ਅਧਿਕ ਕੱਲਯਾਨ । ਬਨਹਿ ਦੇਸ਼ ਪਰ ਫਲਹਿ ਮਹਾਨ।**
**ਲਾਖਹੁ ਸਿੱਖ ਗੁਰੂ ਕੇ ਹੋਇਂ। ਭੋਗਹਿ ਰਾਜ ਧਰਾ ਪਰ ਸੋਇ।।੨੫ ।।**
**ਸਭਿ ਪਰ ਮੁਰ ਹੋਵੈ ਉਪਕਾਰਾ। ਇਸ ਸੋਂ ਅਧਿਕ ਨ ਅਪਰ ਬਿਚਾਰਾ।**

ਭਾਵ ਸੰਤ ਜਨਾਂ ਪਾਸੋ ਜਿਥੋਂ ਕਿੱਥੋ ਇਹੀ ਸੁਣਿਆ ਹੈ ਕਿ ਪਰਉਪਕਾਰ ਦਾ ਵੱਡਾ ਮਹਾਤਮ ਹੈ।।ਇਹ ਤਾਂ ਇਕ ਤੇ ਕਰਨ ਦਾ ਪੁੰਨ ਭੀ ਬਹੁਤ ਹੈ ਪਰ ਦੇਸ਼ ਤੇ ਕੀਤਾ ਉਪਕਾਰ ਮਹਾਨ ਫਲਦਾ ਹੈ। ਇਹ ਵਿਚਾਰ ਪੱਕਾ ਕਰਕੇ ਗੁਰੂ ਜੀ ਪਾਸੋਂ ਮੰਗ ਕੀਤੀ:

**ਮਦ੍ਰ ਦੇਸ਼ ਕੀ ਸੰਗਤਿ ਹੁੱਟੀ। ਪ੍ਰਭ ਜੀ! ਰਾਵਰ ਕੋ ਸੰਗ ਟੁੱਟੀ॥੨੭॥**
**ਬਰ ਦੈਬੇ ਜੋ ਮੁਝ ਇਛ ਧਾਰੀ। ਤੌ ਕਰਿ ਕਰੁਨਾ ਮੇਲਹੁ ਸਾਰੀ।**

ਆਪ ਨੇ ਗੁਰ ਜੀ ਪਾਸੋਂ ਮੰਗ ਕੀਤੀ। ਜੇ ਆਪ ਦੀ ਮੈਨੂੰ ਬਚਨ ਦੇਣ ਦੀ ਇੱਛਾ ਹੈ ਤਾਂ ਮਾਝੇ ਦੇ ਇਲਾਕੇ ਦੀ ਜੋ ਸੰਗਤ ਪਿੱਛੇ ਹਟ ਕੇ ਆਪ ਨਾਲੋਂ ਟੁੱਟ ਗਈ ਹੈ, ਉਸ ਸਾਰੀ ਨੂੰ ਕਿਰਪਾ ਕਰਕੇ ਆਪਣੇ ਨਾਲ ਮੇਲ ਲਵੋ।

ਗੁਰੂ ਜੀ ਨੇ ਕਿਹ ਕਿ ਜੋ (ਸੰਗਤ) ਡਰ ਕੇ ਹਟ ਗਈ ਤੇ ਟੁੱਟ ਕੇ ਨਿਖੁੱਟ ਗਈ, ਉਸ ਨੂੰ ਕਿਵੇਂ ਮੇਲਾਂ? ਤੂੰ ਆਪਣੇ ਲਈ ਕੁਛ ਹੋਰ ਮੰਗ ਲੈ। ਮੈਂ ਝੱਟ ਹੀ ਦਿਆਂਗਾ, ਮੇਰੀ ਇਹੋ ਖ਼ੁਸ਼ੀ ਹੈ:

**ਪ੍ਰਭੁ ਬੋਲੇ ਟੂਟੀ ਸੁ ਨਿਖੁੱਟੀ। ਕਯੋਂ ਮੇਲਹੁ ਤਿਹ ਜੋ ਡਰਿ ਹੁੱਟੀ।**
**ਅਪਨੋ ਹਿਤ ਜਾਚਹੁ ਕੁਛ ਔਰੀ। ਦਿਉਂ ਤਤਕਾਲ ਖੁਸ਼ੀ ਲਖਿ ਮੋਰੀ॥੨੯॥**

ਪਰ ਭਾਈ ਮਹਾਂ ਸਿੰਘ ਆਪਣੀ ਮੰਗ 'ਤੇ ਦ੍ਰਿੜ੍ਹ ਰਹੇ ਤੇ ਕਿਹਾ:

**ਜੋ ਮੁਝ ਕੌ ਦੈਬੋ ਬਰ ਚਹੋ। ਟੂਟੀ ਮੇਲ ਲੇਹੁ ਬਚ ਕਹੋ॥੩੧॥**
**ਇਸ ਬਿਨ ਇੱਛਾ ਮੋਹਿ ਨ ਔਰ। ਦੇਹੁ ਆਪ ਸੋਢੀ ਸਿਰਮੌਰ॥**

ਭਾਈ ਮਹਾਂ ਸਿੰਘ ਦੇ ਪਰਉਪਕਾਰ ਲਈ ਇਤਨੀ ਦ੍ਰਿੜ੍ਹਤਾ ਦੇਖ ਕੇ ਗੁਰੂ ਜੀ ਨੇ ਅਤੀ ਪ੍ਰਸੰਨ ਹੋ ਕੇ ਆਖਿਆ:

**ਵਾਹੁ ਖਾਲਸਾ ਸਿਖ ਮਮ ਧੰਨ। ਪਰ ਉਪਕਾਰ ਮਹਾਂ ਮਨ ਮੰਨ॥**
**ਤੇਰੇ ਕਹੇ ਮੇਲ ਹਮ ਲਏ। ਰਾਜ ਭਾਗ ਤਿਸ ਦੇਸ਼ਹਿਂ ਦਏ॥੩੩॥**

ਪਰ ਭਾਈ ਮਹਾਂ ਸਿੰਘ ਜੀ ਹੋਰ ਭੀ ਤਸੱਲੀ ਚਾਹੁੰਦੇ ਸਨ। ਕਹਿਣ ਲੱਗੇ:

**ਪ੍ਰਭੁ ਜੀ! ਕਾਗਦ ਲੇਹੁ ਨਿਕਾਰਾ। ਹਮਰਾ ਲਿਖਯੋ ਜੇਬ ਜੋ ਡਾਰਾ।**
**ਮਮ ਦਿਖਾਇ ਸੋ ਦੀਜੈ ਫਾਰਿ। ਸਫਲ ਹੋਇ ਮੇਰੋ ਉਪਕਾਰ॥੩੪॥**

ਗੁਰੂ ਜੀ ਨੇ ਪਰਉਪਕਾਰ ਲਈ ਪਿਆਰ ਭਰੀ ਇਸ ਜੋਦੜੀ ਨੂੰ ਸੁਣਿਆ ਤੇ-

**ਸੁਨਿ ਸਤਿਗੁਰ ਤਤਕਾਲ ਨਿਕਾਸਾ। ਮਹਾਂ ਸਿੰਘ ਸੰ ਵਾਕ ਪ੍ਰਕਾਸਾ।**
**ਲਿਹੁ ਬਿਲੋਕਿ! ਪਾੜਹਿਂ ਦਿਖਰਾਇ। ਇਮ ਕਹਿ ਚੀਰਯੋ ਬੀਚ ਬਨਾਇ॥੩੫॥**

ਭਾਈ ਮਹਾਂ ਸਿੰਘ ਜੀ ਦੀ ਮੰਗ ਪੂਰੀ ਤਰ੍ਹਾਂ ਮੰਨੀ ਗਈ ਸੀ। ਹੁਣ ਉਹ ਆਪਣੀ ਅੰਤਮ ਇੱਛਾ ਪੂਰੀ ਤਰ੍ਹਾਂ ਸਫਲ ਹੋਈ ਦੇਖ ਕੇ ਸੰਤੁਸ਼ਟਤਾ ਸਹਿਤ ਗੁਰੂ ਜੀ ਦੇ ਸਨਮੁਖ ਹੀ ਗੁਰਪੁਰੀ ਨੂੰ ਜਾਣਾ ਠੀਕ ਸਮਝਦੇ ਸਨ। ਬੇਨਤੀ ਕੀਤੀ: ਆਪ ਦੇ ਦਰਸ਼ਨ ਕਰਦਿਆਂ ਪ੍ਰਲੋਕ ਜਾਣ ਦਾ ਬਹੁਤ ਮਹਾਤਮ ਹੈ। ਇਸ ਲਈ ਜਾਣ ਦੀ ਆਗਿਆ ਬਖਸ਼ੋ।

**ਆਇਸੁ ਦੇਹੁ ਪ੍ਰਲੋਕ ਸਿਧਾਵੌਂ। ਦਰਸ਼ਨ ਕਰਤਿ ਅਧਿਕ ਫਲ ਪਾਵੌਂ॥੩੬॥**

ਭਾਈ ਮਹਾਂ ਸਿੰਘ ਦੀ ਪਰਉਪਕਾਰ ਦੀ ਘਾਲ ਕਮਾਈ ਨੂੰ ਪ੍ਰਵਾਨ ਕਰਦਿਆਂ ਫ਼ੁਰਮਾਇਆ:


**ਜਾਹੁ ਮਹਾਂ ਸਿੰਘ! ਜੁਹਿਂ ਮਮ ਲੋਕ। ਬਸਹੁ ਸਦਾ ਕਬਿ ਨਹਿਂ ਤਹਿਂ ਸ਼ੋਕ।**
**ਦੋ ਕਰਿ ਪ੍ਰਾਨ ਕੀਨ ਉਪਕਾਰ। ਤਿਸ ਕੋ ਫਲ ਤੁਹਿ ਭਯੋ ਅਪਾਰ॥੩੭॥**

ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ 'ਨਾਭਾ' ਹੁਰਾਂ ਦੀ ਕ੍ਰਿਤ **ਮਹਾਨ ਕੋਸ਼** ਅਨੁਸਾਰ : ਸ਼ਹੀਦ ਭਾਈ ਮਹਾਂ ਸਿੰਘ ਜੀ ਨੇ ਪਰਉਪਕਾਰ ਦਾ ਇਹ ਕਾਰਜ, ਵੈਸਾਖ ਸੰਮਤ 1762 ਬਿਕ੍ਰਮੀ ਵਿਚ ਕੀਤਾ ਜਿਸ ਦੀ ਯਾਦ ਵਿਚ ਗੁਰਦੁਆਰਾ ਸ਼ਹੀਦ ਗੰਜ ਸਾਹਿਬ, ਮੁਕਤਸਰ ਵਿਖੇ 21 ਵੈਸਾਖ ਨੂੰ ਹਰ ਸਾਲ ਭਾਰੀ ਦੀਵਾਨ ਸਜਦੇ ਹਨ। ਭਾਈ ਮਹਾਂ ਸਿੰਘ ਜੀ ਪਿੰਡ ਰਟੌਲ, ਜ਼ਿਲ੍ਹਾ ਅੰਮ੍ਰਿਤਸਰ ਦੇ ਰਹਿਣ ਵਲੇ ਸਨ। ਰਟੌਲ ਵਿਖੇ ਭੀ ਹਰ ਸਾਲ ਆਪ ਦੀ ਯਾਦ ਮਨਾਈ ਜਾਂਦੀ ਦੱਸੀ ਗਈ ਹੈ।

**- ਪ੍ਰਮੁਖ ਸਿੱਖ ਸ਼ਖ਼ਸੀਅਤਾਂ 'ਚੋਂ**

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

# ਭਾਈ ਸੋਮਾ (ਸਾਧੂ ਸੰਗ)




ਆਪ ਨੂੰ ਯਾਦ ਹੋਊ ਕਿ ਸ੍ਰੀ ਗੁਰੂ ਅਮਰ ਦਾਸ ਜੀ ਪਾਸ ਇਕ ਪ੍ਰੇਮਾ ਨਾਮੇ ਵਡੇ ਰੋਗ ਨਾਲ ਗ੍ਰਸਤ ਤੇ ਹਥੋਂ ਪੈਰੋਂ ਰੁਹਲਾ ਰਿੜ੍ਹ ਰਿੜ੍ਹ ਕੇ ਪੁੱਜਾ ਸੀ। ਇਸ ਨੂੰ ਕਿਸੇ ਸਿਖ ਸਾਧੂ ਨੇ ਦੱਸਿਆ ਸੀ ਕਿ ਤੇਰਾ ਦੁਖ ਇਲਾਜ ਉਪਰਾਲਿਆਂ ਨਾਲ ਦੂਰ ਨਹੀਂ ਹੋ ਸਕਦਾ, ਪਰ ਜੇ ਗੋਇੰਦਵਾਲ ਅੱਪੜ ਕੇ ਤੀਜੇ ਗੁਰੂ ਨਾਨਕ ਦੀ ਆਰਾਧਨਾ ਕਰੇਂ ਤਾਂ ਅਰੋਗ ਹੋ ਜਾਵੇਂਗਾ। ਇਹ ਰਿੜ੍ਹ ਰਿੜ੍ਹਕੇ ਗੋਇੰਦਵਾਲ ਪੁੱਜਾ, ਕਿਉਂਕਿ ਕੋਈ ਗੱਡੇ, ਬਹਿਲ, ਯੱਕੇ ਯਾ ਰਥ ਵਾਲਾ ਇਸਦੇ ਰੋਗ ਤੋਂ ਡਰਦਾ ਇਸਨੂੰ ਆਪਣੀ ਸਵਾਰੀ ਤੇ ਨਹੀਂ ਸੀ ਬਿਠਾਉਂਦਾ। ਗੋਇੰਦਵਾਲ ਪਹੁੰਚਕੇ ਗੁਰੂ ਪੁਨੀਤ ਦੇ ਦਰਸ਼ਨ ਹੋਏ, ਗੁਰਬਾਣੀ ਕੰਨੀ ਪਈ, ਇਸ ਨੇ ਨਾਮ ਦੀ ਘਾਲ ਆਰੰਭੀ; ਬਾਹਰ ਬੈਠਾ ਹੀ ਕੀਰਤਨ ਸੁਣੇ ਤੇ ਮਗਨ ਹੋ ਹੋ ਜਾਵੇ। ਅੰਤ ਦੇਹ ਬੀ ਅਰੋਗ ਹੋਈ ਤੇ ਬੁੱਧੀ ਵੀ ਆਤਮ ਵਿਸ਼ੈਣੀ ਹੋ ਗਈ। ਗੁਰਮੁਖ ਹੋ ਗਿਆ ਤਾਂ ਮੰਜੀ ਮਿਲੀ। ਜਿਸ ਮਹਾਨ ਪੁਰਖ ਪਾਰਗਿਰਾਮੀ ਦੀ ਨਾਦੀ ਬਿੰਦੀ ਦੁਇ ਗੱਦੀਆਂ ਹੁਣ ਤਕ ਸਨਮਾਨ ਨਾਲ ਚਲ ਰਹੀਆਂ ਹਨ। ਸੋ ਭਾਈ ਗੁਰਸਿਖੋ ! 'ਪਿੰਗੁਲ ਪਰਬਤ ਪਾਰਿ ਪਰੇ' ਗੁਰੂ ਜੀ ਨੇ ਦੱਸਿਆ ਤੇ ਅਨੇਕਾਂ ਵੇਰ ਕਰਕੇ ਦਿਖਾ ਦਿਤਾ। ਸਾਡੇ ਸਭਨਾਂ ਦੀ ਮਤਿ ਪਿੰਗਲ ਹੈ, ਇਹ ਦਿੱਸਦੇ ਜਗਤ ਨੂੰ ਦੇਖਦੀ ਤੇ ਪਰਚਦੀ ਹੈ। ਅਣਦਿਸਦੇ ਨੂੰ ਇਹ ਸਮਝਣੋਂ ਪਿੰਗਲ ਹੈ। ਇਸ ਦਾ ਅਣਦਿਸਦੇ ਵਿਚ ਪਰਮਾਤਮ ਦੇਵ ਨੂੰ ਲਖ ਲੈਣਾ, ਉਸ ਨੂੰ ਅਨੁਭਵ ਕਰਨਾ ਪਿੰਗਲੇ ਦੇ ਪਰਬਤ ਤੇ ਚੜ੍ਹ ਸਕਣ ਵਾਂਙੂ ਕਠਨ ਹੈ, ਪਰ ਜਦ ਸਤਿਸੰਗ ਕਰੇ ਤੇ ਪਾਪ ਤਿਆਗੇ, ਨਾਮ ਜਪੇ ਤਾਂ ਮੈਲ ਦੂਰ ਹੋ ਕੇ ਅੰਦਰਲੀ ਸੋਝੀ ਖੁੱਲ੍ਹਦੀ ਹੈ, ਜਿਸ ਨਾਲ ਫਿਰ ਇਹ ਦੀਸਣਹਾਰ ਦੇ ਮੋਹ ਰੂਪੀ ਪਰਬਤਾਂ ਨੂੰ ਉਲੰਘ ਕੇ ਆਤਮ ਅਨੁਭਵ ਵਿਚ ਪਹੁੰਚ ਜਾਂਦੀ ਹੈ। ਇਹ ਹੈ ਸਾਡੇ ਸਾਰਿਆਂ ਦੀ ਪਿੰਗਲ ਮਤਿ ਲਈ ਮੋਹ ਮਾਇਆ ਦੇ ਪਰਬਤਾਂ ਨੂੰ ਉਲੰਘ ਕੇ ਆਤਮ ਦੇਸ਼ ਅੱਪੜਣ ਦਾ ਉਪਦੇਸ਼, ਜੋ ਗੁਰੂ ਜੀ ਨੇ ਸਾਨੂੰ ਸਭ ਨੂੰ ਦਿਤਾ ਹੈ। ਹੁਣ ਸੁਣੋ ਕਿਵੇਂ 'ਖਲ ਚਤੁਰ ਬਕੀਤਾ।'

ਬਾਣੀ ਨਾਮ ਦੇ ਅਭਿਆਸ ਨਾਲ ਮੈਲ ਦੂਰ ਹੁੰਦੀ ਹੈ ਮਨ ਦੀ ਤੇ ਮਤਿ ਦੀ, ਬੁੱਧ ਉੱਜਲ ਹੋ ਆਉਂਦੀ ਹੈ। ਐਉਂ ਮੂਰਖ ਚਤੁਰ ਹੋ ਜਾਂਦਾ ਹੈ। ਪਰਧਨ ਤੇ ਪਰਦਾਰਾ ਹਿਰਨ ਵਿਚ ਚਾਤੁਰ ਤਾਂ ਸਭ ਕੋਈ ਹੋ ਸਕਦਾ ਹੈ, ਪਰ ਆਤਮ ਅਨੁਭਵ ਵਿਚ ਚਤੁਰ ਅਰਥਾਤ ਗਜਾਨਵਾਨ ਹੋਣਾ ਕਠਨ ਹੈ, ਜੋ ਏਥੇ ਦਰਸਾਇਆ ਹੈ। ਪਰ ਗੁਰਮੁਖ ਦੀ ਚਤੁਰਾਈ ਆਪ ਨਿਸਤਰਣ ਤੇ ਹੋਰਾਂ ਨੂੰ ਨਿਸਤਾਰਣ ਵਿਚ ਪ੍ਰਗਟ ਹੁੰਦੀ ਹੈ। ਦੇਖੋ ਜੀਓ! ਇਕ ਗੁਰੂ ਨਾਨਕ ਦੇਵ ਜੀ ਦਾ ਸਿਖ ਹੋਇਆ ਹੈ, ਜਿਸ ਦਾ ਪ੍ਰਸੰਗ ਜਨਮਸਾਖੀ ਵਿਚ ਬੀ ਆਇਆ ਹੈ ਤੇ ਕਥਾ ਵਾਰਤਾ ਵਿਚ ਬੀ ਸਿਆਣੇ ਕਰਦੇ ਰਹੇ ਹਨ ਤੇ ਆਪਣੇ ਸੰਤ ਜੀ ਬੀ ਦੱਸਿਆ ਕਰਦੇ ਸਨ। ਮੈਂ ਆਪ ਨੂੰ ਉਸ ਦਾ ਪ੍ਰਸੰਗ, ਜਿਵੇਂ ਮੈਂ ਪੜ੍ਹਿਆ ਸੁਣਿਆ ਤੇ ਵੀਚਾਰਿਆ ਹੈ, ਸੁਣਾਉਂਦਾ ਹਾਂ। ਭਾਈ ਸਿਖ ਸੰਗਤ ਖਾਲਸਾ ਜੀ ! ਅਜ ਗੁਰਪੁਰਬ ਹੈ ਗੁਰੂ ਨਾਨਕ ਦੇਵ ਜੀ ਦਾ, ਅਜ ਅਸਾਂ ਆਪ ਦੇ ਗੁਣ ਹੀ ਗਾਉਣੇ ਹਨ, ਅਜ ਅਸਾਂ ਆਪ ਦੇ ਉਪਕਾਰ ਸੁਣਨੇ ਹਨ, ਅਜ ਅਸਾਂ ਆਪ ਦੇ ਉਪਦੇਸ਼ਾਂ ਦੀ ਰੌਸ਼ਨੀ ਵਿਚ, ਜੇ ਅਗੇ ਨਹੀਂ ਤਾਂ ਅੱਜ ਤੋਂ ਟੁਰਨਾ ਆਰੰਭ ਦੇਣਾ ਹੈ। ਇਸ ਲਈ ਅਜ ਦੇ ਸ਼ਬਦ ਦੀ ਕਥਾ ਬੀ ਗੁਰੂ ਬਾਬੇ ਨੇ ਉਹ ਬਖਸ਼ੀ ਹੈ ਜਿਸ ਵਿਚ ਗੁਰੂ ਨਾਨਕ ਦੇਵ ਜੀ ਦੀ ਮਹਿਮਾ ਲੁਕੀ ਪਈ ਹੈ, ਜਿਵੇਂ ਮਹਿੰਦੀ ਦੇ ਸਾਵੇ ਪੱਤੇ ਵਿਚ ਸੂਹਾ ਰੰਗ ਛਿਪਿਆ ਹੋਇਆ ਹੁੰਦਾ ਹੈ। ਸੋ ਭਾਈ ! ਸਬਦ ਦੀ ਕਥਾ ਵਿਚ ਸ਼ਬਦ ਮਾਲਿਕਾਂ ਦੀਆਂ ਮੀਂਹ ਵਸਾਵਣੀਆਂ ਸੁਣੋ ਜੋ ਅਸੀ ਬੀ ਉਸ ਮੇਹਰ ਜਲ ਨਾਲ ਤ੍ਰਿਬੁਡ ਹੋ ਕੇ ਮਗਨ ਹੋ ਜਾਵੀਏ।

ਪਿਆਰਿਓ ! ਸ੍ਰੀ ਗੁਰੂ ਨਾਨਕ ਦੇਵ ਆਪਣੇ ਇਕ ਸਫਰ ਵਿਚ ਕਿਸੇ ਐਸੇ ਨਗਰ ਗਏ ਜਿਥੋਂ ਦੇ ਲੋਕ ਬੜੇ ਚਤੁਰ ਸਨ। ਵਿਹਾਰ ਕਾਰ ਆਮ ਸੀ ਤੇ ਲੋਕੀ ਮਾਯਾਧਾਰੀ ਸਨ। ਓਹ ਸਾਧੂ ਸੰਤ ਕੋਈ ਆਵੇ ਉਸ ਨੂੰ ਤ੍ਰਿਸਕਾਰਦੇ ਸਨ ਤੇ ਰਹਿਣ ਨੂੰ ਥਾਂ ਤਕ ਨਹੀਂ ਸਨ ਦੇਂਦੇ। ਗੁਰੂ ਜੀ ਨੂੰ ਬੀ ਓਥੇ ਨਾਂ ਕਿਸੇ ਸਿਰ ਲੁਕਾਈ ਜੋਗਾ ਥਾਂ ਦਿੱਤਾ ਤੇ ਨਾ ਕਿਸੇ ਰੋਟੀ ਪਾਣੀ ਪੁਛਿਆ। ਆਪ ਬਾਹਰ ਉਦਜਾਨ ਵਿਚ ਇਕ ਸ਼ਰੀਂਹ ਤਲੇ ਬੈਠੇ ਸਨ। ਲੋਕੀਂ ਵੇਖਣ, ਹਰਿਆਨ ਹੋਣ ਆਭਾ ਦੇਖਕੇ, ਕੁਛ ਭਾਉ ਬੀ ਉਪਜੇ ਪਰ ਮਨ ਦੀ ਚਤੁਰਾਈ ਆਖੇ, ਚਲੋ ਏਥੇ ਖੜ ਕੇ ਸਮਾ ਨਾ ਗੁਆਓ, ਕੀਂਹ ਲੈਣਾ ਹੈ ਸਾਧਾਂ ਪਾਸੋਂ, ਜਿਨ੍ਹਾਂ ਪਾਸ ਰੋਟੀ ਜੋਗਾ ਬੀ ਧਨ ਨਹੀਂ। ਇਸੇ ਨਗਰ ਇਕ ਖੱਤ੍ਰੀ ਰਹਿੰਦਾ ਸੀ, ਸੰਤ ਦਸਦੇ ਸਨ ਕਿ 'ਸੋਮਾ' ਕਰਕੇ ਸਦੀਂਦਾ ਸੀ। ਲੋਕ ਤਾਂ ਏਥੋਂ ਦੇ ਹਰ ਤਰ੍ਹਾਂ ਚਤੁਰ ਸਨ ਕਮਾਈ ਕਰਨ ਵਿਚ, ਛਲਣ ਵਿਚ ਤੇ ਮਾਇਆ ਸੰਚਣ ਵਿਚ, ਪਰ ਇਹ ਸੋਮਾ ਸਾਰੇ ਨਗਰ ਵਿਚ ਘੱਟ ਅਕਲ ਵਾਲਾ ਗਿਣਿਆ ਜਾਂਦਾ ਸੀ ਤੇ ਕੰਡੂ ਪਿਛੇ ਲੋਕੀਂ ਇਸ ਨੂੰ 'ਬੁੱਧੂ' ਕਿਹਾ ਕਰਦੇ ਸਨ। ਕਿਉਂਕਿ ਇਹ ਛਲ ਕਪਟ ਘੱਟ ਕਰਦਾ ਸੀ। ਸੱਚ ਨੂੰ ਸੱਚ ਜਾਣਕੇ ਤਾਂ ਪਿਆਰ ਨਹੀਂ ਸੀ ਕਰਦਾ ਪਰ ਸੁਤੇ ਹੀ ਸੁਭਾਵ ਦਾ ਸਰਲ ਹੋਣ ਕਰਕੇ ਸੱਚ ਦੇ ਨੇੜੇ ਨੇੜੇ ਰਹਿੰਦਾ ਸੀ। ਧਨ ਉਸ ਪਾਸ ਕੁਛ ਪਿਉ ਦਾਦੇ ਦਾ ਸੀ ਤੇ ਕੁਛ ਇਸ ਦੀ ਕਿਸਮਤ ਪੁੱਠੀਆਂ ਸਿੱਧੀਆਂ ਪਾ ਦੇਂਦੀ ਸੀ, ਇਉਂ ਇਹ ਬੀ ਚੋਖਾ ਧਨੀ ਸੀ। ਰਹਿੰਦਾ ਇਹ ਬੀ ਮਾਇਆ ਵਿਚ ਗ਼ਲਤਾਨ ਸੀ। ਜਿਥੇ ਗੁਰੂ ਨਾਨਕ ਦੇਵ ਜੀ ਬੈਠੇ ਸਨ ਇਹ ਬੀ ਅਚਾਨਕ ਆ ਨਿਕਲਿਆ। ਜਦ ਲੰਘਿਆ ਪਾਸ ਦੀ ਤਾਂ ਤੱਕਿਓ ਸੁ, ਜੀ ਵਿਚ ਝੁਣਝੁਣੀ ਜੇਹੀ ਹੋਈ, ਕੁਛ ਪਿਆਰੇ ਲਗੇ, ਅੱਗੇ ਹੋ ਕੇ ਸੀਸ ਨਿਵਾਕੇ ਆਖਣ ਲਗਾ-ਤੁਸੀਂ ਸਾਧੂ ਹੋ, ਰਾਤ ਆ ਰਹੀ ਹੈ, ਠੰਢ ਹੈ, ਮੀਂਹ ਦਾ ਰੁਖ਼ ਹੈ, ਬਨ ਵਿਚ ਨੰਗੇ ਥਾਂ ਬੈਠੇ ਹੋ, ਮੇਰੇ ਘਰ ਚੱਲ ਰਹੋ, ਰਾਤ ਆਰਾਮ ਕਰੋ, ਕੁਛ ਮੂੰਹ ਪਾਓ। ਮਾਇਆ ਮੇਰੇ ਪਾਸ ਹੈ, ਚੋਖੀ ਕੱਠੀ ਕੀਤੀ ਹੈ, ਪਰ ਪਤਾ ਨਹੀਂ ਲਗਦਾ

ਇਸ ਨੂੰ ਸਾਂਭਣਾ ਹੀ ਸਾਂਭਣਾ ਹੈ ਕਿ ਇਸ ਨੇ ਕੁਛ ਸੁਖ ਭੀ ਦੇਣਾ ਹੈ ਅਨੋਖਾ। ਸਾਧਾਰਣ ਸੁਖ ਪ੍ਰਾਪਤ ਹੈਨ ਤੇ ਇਨ੍ਹਾਂ ਸੁਖਾਂ ਨਾਲੋਂ ਚੋਖੀ ਬਾਹਲੀ ਮੇਰੇ ਪਾਸ ਹੈ। ਆਓ ਰਾਤ ਰਹੋ ਕੁਛ ਗੱਲਾਂ ਬਾਤਾਂ ਕਰੀਏ। ਗੁਰੂ ਜੀ ਸੁਣ ਕੇ ਮੁਸਕ੍ਰਾਏ। ਕੀ ਜਾਣੀਏ ਏਸੇ ਨੂੰ ਖੁੱਭਣੋਂ ਕੱਢਣ ਆਏ ਸਨ, ਜਿਵੇਂ ਕਾਵਾਂ ਦੇ ਵਿਚੋਂ ਆਪਣੀ ਬੋਲੀ ਪਾ ਕੇ ਕੋਇਲ ਆਪਣੇ ਬੱਚੇ ਨੂੰ ਕੱਢ ਲਿਜਾਂਦੀ ਹੈ; ਆਪ ਖੁਸ਼ ਹੋ ਕੇ ਨਾਲ ਟੁਰ ਪਏ। ਰਾਤ ਉਸ ਦੇ ਘਰ ਰਹੇ। ਪਿਛਲੀ ਰਾਤ ਮਰਦਾਨੇ ਨੇ ਕੀਰਤਨ ਕੀਤਾ, ਸੋਮੇ ਤੇ ਅਚਰਜ ਪ੍ਰਭਾਵ ਪਿਆ, ਮਾਇਆ ਤੁੱਛ ਭਾਸੀ। ਦਿਨੇ ਗੁਰੂ ਜੀ ਨਾਲ ਵਾਰਤਾਲਾਪ ਹੋਈ। ਇਸ ਤਰ੍ਹਾਂ ਕੁਛ ਦਿਨ ਆਪ ਜੀ ਓਥੇ ਟਿਕੇ ਰਹੇ। ਉਸ ਦੇ ਖਿਆਲਾਂ ਦਾ ਨੁਕਤਾ ਬਦਲਣ ਲੱਗਾ। ਜੀਵਨ ਨਿਰਾ ਪਸ਼ੂਆਂ ਵਾਂਙੂ ਖਾਣ, ਕੀੜਿਆਂ ਵਾਂਙੂ ਕੱਠਾ ਕਰਨ ਤੇ ਪੰਛੀਆਂ ਵਾਂਙੂ ਉਡਾਰੀਆਂ ਮਾਰਦੇ ਰਹਿਣ ਲਈ ਨਹੀਂ ਹੈ, ਇਹ ਗੱਲ ਭਾਸ ਗਈ ਕਿ ਜੀਵਨ ਕੋਈ ਕੀਮਤੀ ਸ਼ੈ ਹੈ ਤੇ ਇਸ ਦਾ ਕੋਈ ਪ੍ਰਯੋਜਨ ਹੈ, ਸੋਮੇ ਨੂੰ ਹੁਣ ਜੀਉਣਾ ਥੋੜੇ ਦਿਨਾਂ ਦੀ ਖੇਡ ਬੀ ਹੋ ਭਾਸਿਆ। ਪਿਉ ਦਾਦਾ ਯਾਦ ਆਏ। ਜੋੜਦੇ ਹੀ ਮਰ ਗਏ, ਕੋਈ ਵਿਸ਼ੇਸ਼ ਸੁਖ ਨਾ ਡਿੱਠਾ, ਨਾਲ ਬੀ ਨਾ ਲੈ ਗਏ, ਹੱਥ ਝਾੜਦੇ ਹੀ ਮਾਨੋ ਟੁਰ ਗਏ। ਹੁਣ ਪਿਛੇ ਉਨ੍ਹਾਂ ਦਾ ਕੋਈ ਨਾਉਂ ਬੀ ਨਹੀਂ ਲੈਂਦਾ, ਮਾਨੋ ਕਦੇ ਹੋਏ ਹੀ ਨਹੀਂ ਸਨ, ਐਉਂ ਪੜਦਾਦਾ ਲਕੜਦਾਦਾ ਹੋ ਬੀਤੇ ਹੋਣਗੇ। ਉਨ੍ਹਾਂ ਵਾਂਙ ਹੀ ਮੈਂ ਹੋ ਜਾਸਾਂ। ਇਹ ਜੋੜੀ ਹੋਈ ਮਾਇਆ ਕਿਸ ਕੰਮ ਆਸੀ ? ਕੋਈ ਇਸ ਦੇ ਨਾਲ ਹੋਰ ਜੋੜਸੀ ਤੇ ਮੇਰੇ ਪਿਉ ਵਾਂਙੂ ਟੁਰ ਜਾਸੀ ਯਾ ਕੋਈ ਵੈਲਦਾਰੀਆਂ ਵਿਚ ਲੁਟਾ ਦੇਸੀ। ਜੀਵਨ ਤਾਂ ਤੇ ਇਸ ਦੇ ਮਗਰ ਬਾਵਲੇ ਹੋਏ ਫਿਰਨ ਲਈ ਨਹੀਂ, ਇਹ ਕੋਈ ਉੱਚੀ ਸ਼ੈ ਕਿਸੇ ਉੱਚੇ ਪ੍ਰਯੋਜਨ ਲਈ ਹੈ। ਇਸ ਤਰ੍ਹਾਂ ਦੀਆਂ ਸੋਚਾਂ ਵਿਚ ਵੈਰਾਗ ਉਸ ਪਰ ਛਾ ਗਿਆ, ਤਾਂ ਗੁਰੂ ਜੀ ਨੇ ਨਾਮ ਦਾਨ ਬਖਸ਼ਿਆ। ਕੀਰਤਨ ਤੇ ਨਾਮ ਨੂੰ ਪ੍ਰਾਪਤ ਹੋ ਕੇ ਮਤਿ ਉੱਜਲ ਹੋ ਗਈ। ਉਹ ਜੋ ਨਗਰ ਦਾ 'ਬੁੱਧੂ' ਸੀ ਹੁਣ ਉਸ ਵਿਚ ਚਤੁਰਤਾ ਆਈ। ਕੀ ਚਤੁਰਤਾ ਕਿ ਹੋਰ ਚਾਤੁਰਾਂ ਵਾਂਙੂ ਪਰਮੇਸ਼ਰ ਨੂੰ ਭੁੱਲ ਕੇ, ਮੌਤ ਨੂੰ ਵਿਸਾਰ ਕੇ, ਦਿਨੇ ਰਾਤ ਕੱਠੀ ਕਰਨ ਉਤੇ ਬਲ ਬੁੱਧਿ ਤੇ ਵਕਤ ਖਰਚ ਕਰੇ ਤੇ ਹੋਰ ਹੋਰ ਦੇ ਮਗਰ ਭੱਜੇ ? ਤੇ ਹੋਰਨਾਂ ਤੋਂ ਵੱਡਾ ਧਨੀ ਬਣੇ ? ਨਹੀਂ, ਉਸ ਨੂੰ ਇਹ ਚਤੁਰਾਈ ਫੁਰੀ ਕਿ ਮੇਰੇ ਪਾਸ ਐਨੀ ਦੌਲਤ ਹੈ ਕਿ ਮੈਂ ਸਾਂਭ ਨਹੀਂ ਸਕਦਾ, ਪਰ ਮੇਰੇ ਕਈ ਹਮਸਾਏ ਭੁੱਖੇ ਹਨ, ਕਈ ਰੋਟੀ ਨੂੰ ਪਏ ਤਰਸਦੇ ਹਨ ਤੇ ਮੈਨੂੰ ਹਾਜ਼ਮੇ ਦੇ ਚੂਰਨ ਖਾਣੇ ਪੈਂਦੇ ਹਨ, ਕਿਉਂ ਨਾ ਇਹ ਪੀੜਿਤ ਲੋਕਾਂ ਦੀ ਪੀੜਾ ਹਰਨ ਤੇ ਖਰਚ ਕਰਾਂ। ਜੇ ਵੈਦ ਕੋਲ ਦਵਾ ਹੋਵੇ ਤੇ ਨਾਂ ਦੇਵੇ ਤਾਂ ਵੈਦ ਦੋਸ਼ੀ, ਜੇ ਹਮਸਾਇਆ ਹੋਵੇ ਭੁੱਖਾ ਨੰਗਾ ਤੇ ਮੈਂ ਰੋਟੀ ਨਾ ਦਿਆ ਤਾਂ ਮੈਂ ਦੋਸ਼ੀ। ਏਹ ਫੁਰਨੇ ਗੁਰੂ ਕੇ ਸ਼ਬਦ ਨੇ ਫੁਰਾਏ ਨਾਲੇ ਗੁਰੂ ਬਖਸ਼ੇ ਨਾਮ ਨਾਲ ਮਨ ਟਿਕਣ ਲਗ ਗਿਆ ਤੇ ਨਾਮ ਵਿਚ ਸੁਆਦ ਪੈ ਗਿਆ। ਇਕ ਦਿਨ ਗੁਰੂ ਜੀ ਨੂੰ ਆਖਣ ਲਗਾ ਪਾਤਸ਼ਾਹ, ਮੇਰੇ ਪਾਸ ਧਨ ਹੈ ਤੇ ਲੋਕ ਦੁਖੀ ਹਨ ਜਗਤ ਵਿਚ, ਇਹ ਧਨ ਲੋੜਵੰਦਾਂ ਨੂੰ ਵੰਡ ਨਾ ਦਿਆਂ ? ਮੇਰੇ ਰੋਟੀ ਕਪੜੇ ਲਈ ਥੋੜਾ ਜਿਹਾ ਹੀ ਕਾਫੀ ਹੈ। ਹੋਰ ਸੁਖ ਕੋਈ ਦੀਹਦਾ ਨਹੀਂ। ਭੋਗਾਂ ਵਿਚ ਰਸ ਹੈ ਪਰ ਉਨ੍ਹਾਂ ਦਾ ਅੰਤ ਰੋਗ ਹੁੰਦਾ ਹੈ ਤੇ ਆਪਾ ਖਾਜ ਹੋ ਜਾਂਦਾ ਹੈ। ਜੋ ਅੰਤਰਮੁਖ ਸੁਖ ਆਪ ਨੇ ਬਖਸ਼ਿਆ ਹੈ ਉਸ ਲਈ ਧਨ ਦੀ ਲੋੜ ਨਹੀਂ। ਓਹ ਆਪ ਦਿਤਾ ਨੇ, ਅਮੋਲਕ ਸੁਖ ਅਮੁੱਲ ਦੇ ਦਿਤਾ ਨੇ, ਧਨ ਦੀ ਕਿਤੇ ਲੋੜ ਨਹੀਂ। ਜੇ ਆਗਿਆ ਕਰੋ ਤਾਂ ਇਹ ਧਨ ਦੀ ਪੰਡ ਸਿਰੋਂ ਲਾਹ ਕੇ ਹੌਲਾ ਹੋ ਜਾਵਾਂ। ਮਰਦਾਨਾ ਸੁਣ ਕੇ ਅਚਰਜ ਰਹਿ ਗਿਆ। ਆਖਣ ਲਗਾ : ਦਾਤਾ! ਤੇਰੇ ਨਾਮ ਦਾ ਜਾਦੂ ਡਾਢਾ ਹੈ। ਕੀਹ ਕੀਤਾ ਨੇ; ਗਰਤ ਘੋਰ ਅੰਧ ਵਿਚ ਡੁਬੇ ਨੂੰ ਕਿੰਵ ਧੂਹ ਕੱਢਿਆ ਨੇ ਮਾਇਆ ਦੇ ਮੋਹ ਵਿਚੋਂ, ਵਾਹ ਮੇਰੇ ਸੁਹਣੇ ਦਾਤਾ!

ਗੁਰੂ ਜੀ ਬੋਲੇ: ਭਾਈ ਸੋਮਾ ਸੋਚ ਲੈ। ਕੱਚੇ ਵਿਰਾਗ ਵਿਚ ਆ ਕੇ ਧਨ ਧਾਮ ਦੇ ਬਹੀਦਾ ਹੈ ਪਰ ਮਗਰੋਂ ਪੱਛੋਤਾਈਦਾ ਹੈ, ਉਸ ਨਾਲੋਂ ਨਾ ਤਿਆਗ ਚੰਗੇਰਾ ਹੈ, ਜੇ ਸਚਮੁਚ ਸਾਂਈਂ ਨਾਮ ਅਮੋਲ ਹੋ ਭਾਸਿਆ ਹਈ ਤੇ ਜੀਵਨ ਸੁਖ ਲੈਣ ਨਾਲੋਂ ਸੁਖ ਦੇਣ ਵਿਚ ਵਧੇਰੇ ਮੁਬਾਰਕ ਹੋ ਦਿੱਸਿਆ ਹਈ ਤਾਂ ਭਾਈ ਜੁਗਤ ਨਾਲ, ਅਕਲ ਨਾਲ ਤਿਆਗ ਦੇਹ। ਕੁਛ ਟੱਬਰ ਦਾ ਬਾਨ੍ਹਣੂੰ ਬੰਨ੍ਹ ਦੇਹ, ਬਾਕੀ ਸਹਜੇ ਸਹਜੇ ਲੋੜ ਮੂਜਬ ਦੁਖ ਹਰਨੇ ਤੇ ਖਰਚ ਕਰੀ ਜਾਹ। ਇਸ ਤਰ੍ਹਾਂ ਤੇਰਾ ਦਾਨ ਪਰਵਾਨ ਦਾਨ ਹੋਵੇਗਾ। ਹਾਂ ਆਪ ਵੱਡਾ ਬਣਕੇ, ਦਾਨੀ ਤੇ ਸੁਖੀ ਦਾਤਾ ਆਪ ਨੂੰ ਮਿਥਕੇ ਦਾਨ ਨਾ ਕਰ। ਪਰਮੇਸੁਰ ਦਾ ਦਿੱਤਾ ਜਾਣਕੇ ਪਰਮੇਸ਼ਰ ਦੇ ਨਾਮ ਤੇ ਲੁਟਾਈ ਜਾਹ; ਮਹਾਰਾਜ ਨੂੰ ਅਰਪਣ ਕਰ, ਮਹਾਰਾਜ ਦੀ ਦਿਤੀ ਹੋਈ। ਤੂੰ ਦਾਤਾ ਬਣਕੇ ਜਗਤ ਮੰਗਤਾ ਜਾਣਕੇ ਹਉਂ ਵਿਚ ਦਾਨ ਨਾ ਕਰ। 'ਬੁੱਧੂ' ਸਦੀਂਦੇ ਸੋਮੇ ਨੂੰ ਇਹ ਦਾਨ ਦੀ ਅਕਲ ਕਹੋ, ਚਤੁਰਤਾ ਕਹੋ ਹੋਰ ਪ੍ਰਾਪਤ ਹੋ ਗਈ। ਸਿਖ ਨੇ ਸਤਿ ਬਚਨ ਕੀਤਾ ਤੇ ਸੁਹਣੇ ਰਸਤੇ ਪੈ ਕੇ ਜਗਤ ਦੁਖ ਹਰਨੇ ਨਮਿਤ ਸਾਂਈਂ ਦੇ ਨਾ ਤੇ ਲੱਗਾ ਖਰਚ ਕਰਨ। ਗੁਰੂ ਜੀ ਹੁਣ ਉਸਨੂੰ ਪ੍ਰੇਮ ਵਿਚ, ਸੁੱਚੇ ਨਾਮ ਅਭਜਾਸ ਵਿਚ ਤੇ ਸੁਰਤ ਦੇ ਤਜਾਗ ਵਿਚ ਪਰਪੱਕ ਦੇਖਕੇ ਅੱਗੇ ਨੂੰ ਟੁਰ ਗਏ। ਨਗਰ ਦੇ ਲੋਕੀਂ ਅਗੇ ਉਸ ਨੂੰ ਸਿੱਧਾ ਤੇ ਕਦੇ ਬੁੱਧੂ ਕਿਹਾ ਕਰਦੇ ਸੀ, ਹੁਣ ਵਧੇਰੇ ਆਖਣ ਲੱਗ ਪਏ, ਡਿੱਠਾ ਜੇ। ਸਾਧਾਂ ਨੂੰ ਘਰ ਲੈ ਗਿਆ ਸੀ, ਘਰ ਹੀ ਲੁਟਾ ਬੈਠਾ ਹੈ, ਟੱਬਰ ਬੀ ਮਾੜਾ ਆਖੇ ਸੁ। ਭਾਵੇਂ ਉਸਨੇ ਸਭ ਦੇ ਪੱਕੇ ਪ੍ਰਬੰਧ ਕਰਕੇ ਵਾਧੂ ਮਾਇਆ ਲੁਟਾਉਣੀ ਆਰੰਭੀ ਸੀ ਤਾਂ ਬੀ ਸਾਰੇ ਨਾ-ਖ਼ੁਸ਼ ਹੋਏ। ਪਰ ਉਸਦੀ ਪੱਕ ਗਈ ਸੁਰਤ ਨਾ ਡੋਲੀ ਸਗੋਂ ਹੋਰ ਅੰਤਰ-ਮੁਖ ਹੁੰਦੀ ਗਈ। ਉਹ ਟੱਬਰ ਵਿਚੋਂ ਕੇਵਲ ਪ੍ਰਸਾਦਿ ਪਾ ਲਿਆ ਕਰੇ ਤੇ ਬਾਕੀ ਸਮਾਂ ਨਾਮ ਸਿਮਰਨ ਤੇ ਨੇਕੀ ਕਰਨ ਤੇ ਲਾਇਆ ਕਰੇ। ਜਦ ਸਾਰਾ ਵਾਧੂ ਧਨ ਮੁੱਕ ਗਿਆ ਤਾਂ ਪਰਉਪਕਾਰ ਤੋਂ ਬੀ ਵਿਹਲਾ ਹੋ ਗਿਆ। ਭਾਣਾ ਐਸਾ ਵਰਤਿਆ ਕਿ ਕੁਛ ਮਹੀਨੇ ਮਗਰੋਂ ਉਸਦੇ ਬੱਚੇ ਤੇ ਇਸਤ੍ਰੀ ਇਕ ਇਕ ਕਰਕੇ ਕਾਲ-ਵੱਸ ਹੋ ਗਏ। ਰਹਿ ਗਿਆ ਇੱਕਲਾ ਬੋਟ, ਜੋ ਕਿ ਅਵਸਥਾ ਜਗਤ ਲਈ ਪਰਮ ਦੁਖਦਾਈ ਹੁੰਦੀ ਹੈ, ਪਰ ਉਸ ਨੇ ਜਾਤਾ ਕਿ ਸਾਂਈਂ ਨੇ ਹੁਣ ਸ਼ਾਯਦ ਮੈਨੂੰ ਸਾਰਾ ਆਪਣਾ ਕਰ ਲਿਆ ਹੈ। ਜੋ ਪਦਾਰਥ ਬਾਕੀ ਟੱਬਰ ਨਮਿੱਤ ਦਿਤਾ ਸੀ ਉਹ ਬੀ ਉਸ ਨੇ ਪਰਉਪਕਾਰ ਤੇ ਲਾ ਦਿਤਾ, ਤੇ ਆਪ ਮਜੂਰੀ ਕਰਨ ਤੇ ਆਪੇ ਨੂੰ ਲਾ ਦਿਤਾ। ਚਾਰ ਟਕੇ ਰੋਜ ਦਾ ਆਪਣਾ ਖਰਚ ਰਖ ਲਿਆ ਤੇ ਚਾਰ ਟਕੇ ਹੀ ਮਜੂਰੀ ਦੇ ਲੈਣੇ। ਆਖਣਾ ਭਾਈ ਚਾਰ ਟਕੇ ਲੈਣੇ ਹਨ। ਤਾਂ ਮਜੂਰੀ ਕਰਨੀ ਹੈ, ਚਾਰ ਘੜੀਆਂ ਦਾ ਮੁੱਲ ਇਹ ਹੈ, ਚਾਹੇ ਤੂੰ ਚਾਰ ਪਹਿਰ ਕਰਾ ਲੈ, ਮੇਰੀ ਮਜੂਰੀ ਚਾਰ ਟਕੇ ਤੋਂ ਵਧ ਨਹੀਂ, ਪਰ ਇਹ ਸ਼ਰਤ ਜ਼ਰੂਰੀ ਹੈ ਕਿ ਇਕ ਘੜੀ ਬੈਠ ਕੇ ਮੈਨੂੰ ਪਰਮੇਸ਼ਰ ਜੀ ਦਾ ਜਸ ਸੁਣਾਇਆ ਕਰ, ਜੇ ਤੈਨੂੰ ਨਹੀਂ ਆਂਵਦਾ ਤਾਂ ਮੇਰੇ ਪਾਸੋਂ ਸੁਣਿਆ ਕਰ। ਇਹ ਅਨੋਖੀ ਮਜੂਰੀ ਟੁਰ ਪਈ।

(ਲੇਖ ਦਾ ਬਾਕੀ ਹਿੱਸਾ ਅਗਲੇ ਅੰਕ 'ਚ)

✧ ✧ ✧ ✧ ✧

# The Valiant Lady
# Mai Bhago

❖ **Jagjit Singh**



Some incidents or some events in the history of any nation or a community, though initially taken to be of a small magnitude, often turn out to be of such a far reaching importance that in due course of time the same become a landmark or milestone and turn instrumental in changing the course of the entire history pertaining to that community or nation. Such was the impact of the heroic part played by Mai Bhago in 1704 for the then emerging Khalsa Panth under the benevolent leadership and the command of its Creator – Guru Gobind Singh, the 10th Nanak.

To remove the lid of mystery, over the event that took place having far reaching impact of Khalsa Panth, one must, at the outset, narrate some facts. This is all the more necessary for the information of those who are not accustomed to this initial but vital part of the Sikh history.

The Second battle of Anandpur Sahib was on. The combined army of hill chieftains (Rajas) and of the Mughals, attacked Anandpur Sahib in order to force Guru Dasmesh to vacate Anandpur Sahib. Guru Sahib and his men were in possession of both the forts of Andpur Sahib viz. Lohgarh and Nirmohgarh and were strategically using the same and were fighting with the enemy.

The enemy kept a siege of the forts for months together and had prevented the inflow of any type of supplies – food articles or ammunition – in the forts. But Sikhs in spite of all the hardships they were suffering, were in high spirits as they were working under the towering personality of Guru Gobind Singh Sahib whose only aim was to fight for justice and to end the high handedness of the Hill Rajas, the Mughals and their tyrannical rule.

After having feeling frustrated and disgusted at one point of time, the Royal forces together with those of the Rajas were thinking of retreat and withdrawing the siege of the forts. But as a last minute effort they tried to put another plan into action. They decided to intoxicate a mighty elephant, cover it with sheets and shields and then send the same to the forts for Gate crash. They thought that once the gate was opened they would have a thrust into the fort and shall be successful in their endeavour of getting the forts and Anandpur Sahib vacated.

When news reached Guru Sahib, he prepared a valiant warrior Duni Chand by name to face the elephant. Duni Chand when came to know of the plan, became too scared that in darkness of night with some other men jumped the wall of the fort and skipped to Amritsar. Guru Sahib, next day morning when found that Duni Chand had escaped prepared another warrior Bachitter Singh, for the purpose. He faced the elephant, attacked it with his lance ‘nagni’ by name, pierced its trunk and plate, inflicted a serious wound on the forehead of the elephant, who in the state of madness turned back and trampled the Royal army, that was following. It suffered heavy casualties under the feet of its own elephant. Thus the plans of the enemy were frustrated.

But this event of deserting by Duni Chand and some of his men was taken very seriously at Amritsar. Granthi, Bhai Karam Singh had a gathering of Sikhs at Akal Bunga (Takht) to discuss the issue. The grand

sons of Duni Chand Bhai Anoop Singh and Bhai Sarup Singh also attended. They in order to wipe out the blot of their grandfather, moved to Anandpur Sahib with a force of 200 Sikhs. Mai Bhago, a strong well built lady as she was, also attended the meeting and wanted to move with a jatha, but was not allowed to move, being a female.

Although having not been allowed to fight and participate in the battle she did not lose heart and made a strong determination in her mind to achieve her object of fighting along with her brotheren, the Sikh soldiers, in the battlefield as per the call of her 'Isht Dev'. Guru Gobind Singh.

It shall also be worthwhile to mention that her love for Guru and Gursikhi was not of a day or two. It was in her blood veins. One who is conversant with the Sikh history shall recall that one Bhai Langah was a devout Sikh of Guru Arjan Dev Sahib, the 5th Nanak. Pairo Shah, who himself was also a devout, was one of his five brothers. Pairo Shah had two sons – Malo Shah and Haroo, Mai Bhago was the daughter of this Malo Shah. Being the only daughter of her parents, she was named as 'Bhag Bhari', and she was known as 'Bhago' in the later part of her life. She was listening to all the news and developments in 'Guru-Ghar' with keen interest and went for a *darshan* of Guru Tegh Bahadur Sahib along with her parents. Even she attended the 'Annointing ceremony' of Guru Gobind Singh Sahib at Anandpur Sahib in 1675.

In her persuit of getting some martial skills she started practice by getting a spear and was targeting the fixed objects such as plants and trees. She with her long edged spear used to thrust with full force into bark of the thick trees taking them as her enemies in the battlefield.

With the passage of time she was married too. Her husband was also a staunch Sikh of Patti District Amritsar.

Her earnest and strong will, to fight in the battlefield was fulfilled when another incident having much more and far reaching ramifications and importance occurred in the Sikh history.

After the battle of Chamkaur in which the two elder sons of Guru Dasmesh, Sahibzada Ajit Singh and Sahibzada Jujhar Singh laid down their lives while fighting a heroic battle with the enemy, and after he got the tragic news of the burying alive in the wall of his two younger sons Sahibzada Zorawar Singh and Sahibzada Fateh Singh, at Dina Kangarh, he sent *Hukamnamas* to the Khalsa to converge at Dina Kangarh as he was to reconsolidate and reassemble khalsa Panth and the forces.

People came in large numbers from different places. A group of 40 Sikhs accompanied by Mai Bhago for Majha region also visited Guru Sahib with the twin objective of presenting their condolences over the tragic end of his four songs and the beloved aged mother Mata Gujri and also advising him to refrain from having further confrontation with the royal forces as they could no longer bear the wrath of the rulers. Some of them also offered their services for meditation too.

Guru Sahib listened to their advice with the attention the same deserved. He asked them as to whether they were the Sikhs or the Guru? Sikhs were supposed to act as per the command of the Guru and not render advice to him. Moreover he asked them where were they and their advice when Guru Arjan Sahib had a tragic end at the hands of the cruel and fanatic rulers. Where were they when Guru Tegh Bahaur Sahib was martyred at Chandni Chowk Delhi, and what were they doing when the Sahibzadas fought heroic battles and made the supreme sacrifice and the younger innocent ones were buried alive?

When they did not listen, and were determined to desert the Guru, Guru Sahib asked them to write a letter of disclaimer – *Bedawa* – and leave. One of them wrote the note and all the forty put their signatures or thumb impressions upon the same. It was Mai Bhago who became very furious and rebuked the writers of the letter of disclaimer.

As if they were to be given another chance, to confirm their disloyalty to their Guru, before Guru Sahib was to act and accept their *Bedawa*, an immediate attack like situation emerged. It so happened that when they had gone just a few miles, they saw the reinforced and replenished Royal forces were marching forward in greater vigour to attack Guru Dasmesh. Rai Singh, a brother of Bhai Mani Singh handled the situation tactfully. As all were being criticized and rebuked by the valiant lady, Bhai Rai Singh drew a line and said that those want to leave Guru Sahib and his forces should cross the line and go and others were to fight for the cause of the Guru.

With God's grace none crossed the line and all took up the arms and faced the army at *Khidrane De Dhab*, while Guru Gobind Singh Sahib watched them fighting and falling in the field while standing and carrying over the fight from the higher level of the Dhab, the forty Sikhs could not see that their Guru was watching them. It was only after the end of the day when the battle stopped and the enemy retreated, Guru Sahib came in the battlefield, identified the bodies, cleaned their faces and awarded them in several ways posthumously. A dying Bhai Mahan Singh who was seriously injured and was perhaps waiting for the glimpse of his beloved Guru, on having his touch humbly requested for the

tearing of the *Bedawa* – the letter of disclaimer, before he was to close his eyes for good. Guru Sahib was so overwhelmed that he not only tore of the *Bedawa* letter then and there but also blessed Bhai Mahan Singh and others in several ways.

The battle fought here is known in history as the battle of Mukatsar as the forty Sikhs who wrote the letter of disclaimer, faught here the heroic battle for the Guru, laid down their lives and Guru Dasmesh was also too gracious enough to have torn the letter of disclaimer, took them back into his embrace, blessed them with different awards, though posthumously and freed them from the cycle of birth and death. As they were salvaged here, given the *Mukti*, the place was also renamed as the town of Mukatsar.

**Incidentally it may be mentioned that we Indians, whenever any reference of warrior women comes up, often speak of Rani Lakshmi Bai of Jhansi or of Razia Begum, but fail to narrate the heroic battle fought by and lead in the battlefield given by Mai Bhago. This is the sphere where we are lacking. We have not till date informed the people across the globe that the Sikh men and women are always at the forefront whenever the cause of freedom, protecting the rights of the oppressed ones, of women and children come up before them.**

Mata Bhago who lead the Singhs in the battlefield and fought fiercely with her long and heavy spear, was lying in the battlefield seriously injured.

Incidentally it may be mentioned that we Indians, whenever any reference of warrior women comes up, often speak of Rani Lakshmi Bai of Jhansi or of Razia Begum, but fail to narrate the heroic battle fought by and lead in the battlefield given by Mai Bhago. This is the sphere where we are lacking. We have not till date informed the people across the globe that the Sikh men and women are always at the forefront whenever the cause of freedom, protecting the rights of the oppressed ones, of women and children come up before them. They are never found lacking in marking supreme sacrifices and otherwise taking up the arms against the oppressors and the tyrannical people, whenever the circumstances warrant the same. It is righly said that we Sikhs create history but are quite indifferent to writing the history.

Continuing with the thread we may mention that ultimately with the healing touch given by Guru Sahib himself, she recovered of her wounds. She was the lone survivor of the Mukatsar battle. After recovery she did not ever leave the company of Guru Sahib and even accompanied him to Nanded, spent her days in the service of the *sangat* and Guru Sahib till he left his mortal body and merged his soul into Akal Purakh.

Thereafter she spent her remaining days at Janwada, a small town near Pune in Satara district. A Gurdwara has been built at the site where she breathed her last. The Gurdwara being in the proximity of Gurdwara Nanak Jhira Bidar, is under the control and supervision of Prabandhak Committee, Gurdwara Sri Nanak Jhira Sahib, Bidar.

In a small booklet issued by the Committee, a unique historical incident has been mentioned, that I would like to share with the readers. It has been mentioned that when Guru Gobind Singh Sahib left this mortal world, the *sangat* at Hazoor Sahib, Nanded was very much in the state of agony and shock. Two *Jagirdars* (landlords, estate owners, small kings) named Rustam Rao and Bala Rao were lodged in the Satara Fort, by the ruler of the day. Guru Sahib got them liberated and told them to go to Nanded and inform the *sangat* about this Bandi Chhor incident and tell them not to feel disgusted and helpless as the Guru would be always around them and would not let them down. They did accordingly.

After some time when they wanted to go back to their place at Janwada, they pleaded that Mai Bhago be sent to Janwada for the spread of Gursikhi in the Bidar area. Jathedar Santokh Singh, acceded to their request.

Mai Bhago thereafter spent her days in practicing and preaching Gursikh values. She stayed at Janwada where the Raos allotted her a small house to live in. She breathed her last at this place. She had expressed her desire that she might be cremated at that very place and her mortal remains be sent to Hazoor Sahib. A Gurdwara stands at the place where she breathed her last and a free dispensary has also been established in her name over there for providing free medical facilities to the local people.

Courtesy : *Some Gems of Guru Gobind Singh Sahib's Period*

✧ ✧ ✧ ✧ ✧

# ਮੇਲਾ ਮਾਘੀ ਮੁਕਤਸਰ ਦਾ ਸੰਦੇਸ਼

ਲੋਹੜੀ ਤੋਂ ਅਗਲਾ ਦਿਨ ਮਾਘੀ ਦਾ ਹੁੰਦਾ ਹੈ। ਤੜਕਸਾਰ ਤੋਂ ਹੀ ਸੰਗਤਾਂ ਗੁਰੂ ਦੇ ਸਰੋਵਰਾਂ 'ਚ ਇਸ਼ਨਾਨ ਲਈ ਆ ਜੁੜਦੀਆਂ ਹਨ। ਇਸੇ ਵੇਲੇ ਠੰਡ ਜ਼ੋਰਾਂ ਤੇ ਹੁੰਦੀ ਹੈ ਪਰ ਮਾਘ ਦੇ ਆਰੰਭ ਤੋਂ ਠੰਡ ਦੇ ਇਸ ਜ਼ੋਰ ਨੂੰ ਮੋੜਾ ਪੈਣਾ ਸ਼ੁਰੂ ਹੋ ਜਾਂਦਾ ਹੈ। ਇਹ ਵੇਲਾ ਬਸੰਤ ਦੀ ਆਮਦ ਦਾ ਵੀ ਹੈ, ਲੋਹੜੀ ਦੀ ਅੱਗ ਦੇ ਜਸ਼ਨ ਵੀ ਨੇਪਰੇ ਚੜ੍ਹੇ ਹੁੰਦੇ ਹਨ ਤੇ ਮਾਘ ਮਹੀਨਾ ਸ਼ੁਰੂ ਹੋ ਜਾਂਦਾ ਹੈ। ਮਾਘੀ ਦੇ ਪਹਿਲੇ ਦਿਨ ਆਉਂਦਾ ਮਾਘੀ ਮੇਲਾ, ਮੁਕਤਸਰ ਦੇ ਸ਼ਹੀਦਾਂ ਨਾਲ ਸੰਬੰਧਤ ਹੈ। ਮੁਕਤਸਰ ਦੀ ਜੰਗ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਜੀਵਨ ਦੀ ਆਖ਼ਰੀ ਜੰਗ ਸੀ, ਪਰ ਇਸ ਜੰਗ 'ਚ ਉਹ ਇਕ ਉੱਚੀ ਟਿੱਬੀ ਤੇ ਸੁਭਾਇਮਾਨ ਸਨ ਤੇ ਉਥੋਂ ਜੋ ਸ਼ਾਹੀ ਫ਼ੌਜਾਂ ਤੇ ਖਾਲਸੇ (40 ਸਿੰਘਾਂ) 'ਚ ਘਮਾਸਾਨ ਮਚਿਆ ਹੋਇਆ ਸੀ, ਉਸ ਨੂੰ ਵੇਖ ਵੀ ਰਹੇ ਸਨ ਤੇ ਵਿਚ-ਵਿਚ ਤੀਰਾਂ ਦੀ ਵਰਖਾ ਵੀ ਕਰਦੇ ਸਨ। ਖਾਲਸਾ ਭਾਵ ਕਿ ਗੁਰੂ ਨੂੰ ਆਨੰਦਪੁਰ ਵਿਖੇ ਬੇਦਾਵਾ ਲਿਖ ਕੇ ਦੇ ਆਏ 40 ਸਿੰਘ (ਗਿਣਤੀ ਵੱਧ ਵੀ ਹੋ ਸਕਦੀ ਹੈ) ਵੀਰਾਂਗਣਾਂ ਮਾਤਾ ਭਾਗ ਕੌਰ ਦੇ ਪ੍ਰੇਰੇ ਹੋਏ ਅੱਜ ਬੇਮੁਖ ਹੋਣ ਦਾ ਦਾਗ ਧੋਣ ਲਈ ਜਥੇਦਾਰ ਮਹਾਂ ਸਿੰਘ ਦੀ ਅਗੁਵਾਈ 'ਚ ਰਣ-ਤੱਤੇ 'ਚ ਸਿਰ-ਧੜ ਦੀ ਬਾਜ਼ੀ ਲਾ ਰਹੇ ਸਨ।

ਲੋਕਾਂ ਵੱਲੋਂ ਮਿਲੀ ਫਿਟਕਾਰ ਤੇ ਸੂਰਮਤਾਈ ਦਾ ਪ੍ਰੇਰਿਆ ਹਰ ਸਿੰਘ ਅੱਜ ਉਬਲਦੇ ਜੋਸ਼ ਤੇ ਸਵਾਰ ਹੋ ਅਨੇਕਾਂ ਤੁਰਕਾਂ ਨੂੰ ਮਾਰ ਸ਼ਹਾਦਤ ਦਾ ਜਾਮ ਪੀ ਰਿਹਾ ਸੀ। ਇਤਿਹਾਸ 'ਚ ਸੁਰਖ਼ਰੂ ਹੋਣ ਲਈ ਜਦ ਕੁਰਬਾਨ ਹੋ ਜਾਣਾ ਪਹਿਲਾਂ ਹੀ ਸੋਚ ਲਿਆ ਗਿਆ ਸੀ ਤਾਂ ਵੈਰੀ ਦਲ ਦੀ ਵੱਡੀ ਗਿਣਤੀ ਦਾ ਕੋਈ ਅਰਥ ਨਹੀਂ ਸੀ ਰਹਿ ਗਿਆ। ਇਹ ਕਰੜੇ ਇਮਤਿਹਾਨ ਦਾ ਵਕਤ ਸੀ ਜਦਕਿ ਬੇਮੁਖਤਾ ਨੇ ਸਨਮੁਖ ਹੋ ਗੁਰਮੁਖਤਾ ਦਾ ਰਾਹ ਚੁਣਿਆ ਤੇ ਇਤਿਹਾਸ ਦੇ ਸਫ਼ੇ ਤੇ ਜੂਝਦਿਆਂ ਮਰ ਕੇ ਅਸਾਵੀਂ ਜੰਗ ਦੀ ਇਕ ਹੋਰ ਨਵੀਂ ਇਬਾਰਤ ਲਿਖੀ। ਬੇਮੁਖਤਾ ਦੇ ਦਾਗ ਧੋਤੇ ਜਾ ਚੁੱਕੇ ਸੀ ਬਸ ਇਕ ਗੁਰੂ ਦੀ ਮੋਹਰ ਲੱਗਣੀ ਬਾਕੀ ਸੀ। ਜੰਗ ਦੇ ਸ਼ਾਂਤ ਹੁੰਦਿਆਂ (ਜਦ ਬਚੀ-ਖੁਚੀ ਸ਼ਾਹੀ ਫ਼ੌਜ ਪਾਣੀ ਦੀ ਭਾਲ 'ਚ ਪਿਛਾਂਹ ਮੁੜ ਗਈ) ਤਾਂ ਗੁਰੂ ਟਿੱਬੀ ਤੋਂ ਹੇਠਾਂ ਉਤਰ, ਆਪਣੇ ਵਿਛੜ ਚੁੱਕੇ ਖਾਲਸੇ ਪਾਸ ਪੁੱਜੇ। ਇਹ ਖਾਲਸਾ ਤੇ ਆਨੰਦਪੁਰ ਤੋਂ ਵੀ ਵਿਛੜਿਆ ਸੀ, ਪਰ ਤਦ ਗੁਰੂ ਪ੍ਰਸੰਨ ਨਹੀਂ ਸਨ, ਅੱਜ ਗੁਰੂ ਪ੍ਰਸੰਨ ਸਨ, ਉਹਨਾਂ ਦੇ ਖਾਲਸੇ ਨੇ ਆਪਣੀ ਭੁੱਲ ਨੂੰ ਜਾਤਾ ਸੀ। ਉਹ ਪਿਛੱਲਪੈਰੀਂ ਮੁੜਿਆ ਸੀ ਤੇ ਬਖ਼ਸ਼ਵਾਉਣ ਦੀ ਕੀਮਤ ਸਿਰ ਵੱਟੇ ਸੀ। ਸਿਰ ਤੇ ਉਨ੍ਹਾਂ ਉਦੋਂ ਹੀ ਗੁਰੂ ਨੂੰ ਅਰਪਨ ਕਰ ਦਿੱਤਾ ਸੀ ਜਦ ਆਨੰਦਪੁਰ ਵਿਖੇ ਖੰਡੇ ਦੀ ਪਾਹੁਲ ਲਈ ਸੀ ਪਰ ਇਤਿਹਾਸ ਦੇ ਕਰੜੇ ਦੌਰ 'ਚ ਜਦ ਕਿ ਪੇਟ ਦੀ ਅਗ ਬੁਝਾਉਣ ਨੂੰ ਦਰੱਖ਼ਤਾਂ ਤੇ ਪੱਤੇ ਵੀ ਮੁੱਕ ਚੱਲੇ ਸਨ, ਨਾਲ ਇਨ੍ਹਾਂ ਸਿੰਘਾਂ ਦਾ ਸਿਦਕ ਵੀ ਡੋਲ ਗਿਆ ਸੀ, ਪਰ ਪਿੰਡਵਾਲਿਆਂ ਚੇਤਾਇਆ, ਪਿੰਡ ਦੀਆਂ ਔਰਤਾਂ ਚੇਤਾਇਆ, ਇਤਿਹਾਸ ਤੁਹਾਨੂੰ ਕਦੇ ਮੁਆਫ਼ ਨਹੀਂ ਕਰੇਗਾ। ਯਥਾ ਗੁਰਵਾਕ ਹੈ:

**ਸਾਹਿਬੁ ਸੰਕਟਵੈ ਸੇਵਕੁ ਭਜੈ॥ ਚਿਰੰਕਾਲ ਨ ਜੀਵੈ ਦੋਊ ਕੁਲ ਲਜੈ॥**

(ਅੰਗ ੧੧੯੫)

ਵੀਰਾਂਗਨਾ ਮਾਤਾ ਭਾਗ ਕੌਰ ਨੇ ਅਜਿਹਾ ਪੱਲੂ ਫੇਰਿਆ ਕਿ ਅਗਾਂਹ ਹੋ ਗਈ ਤੇ ਮਗਰ ਮਗਰ ਇਹ ਸਿੰਘ ਹੋ ਤੁਰੇ ਤੇ ਫਿਰ ਅਜਿਹੇ ਤੁਰੇ ਕਿ ਇਤਿਹਾਸ 'ਚ ਸਦਾ ਲਈ ਰੌਸ਼ਨ ਹੋ ਗਏ ਤੇ ਫਿਰ ਰੌਸ਼ਨ ਵੀ ਅਜਿਹੇ ਹੋਏ, ਅਰਦਾਸ 'ਚ ਇਹਨਾਂ ਦਾ ਨਾਂ ਸਦਾ ਲਈ ਅੰਕਿਤ ਹੋ ਗਿਆ। ਪੰਜ ਪਿਆਰਿਆਂ, ਚਾਰ ਸਾਹਿਬਜ਼ਾਦਿਆਂ ਤੋਂ ਬਾਅਦ ਚਾਲੀ ਮੁਕਤਿਆਂ ਦਾ ਨਾਂ ਆਉਂਦਾ ਹੈ। ਇਹਨਾਂ ਚਾਲੀ ਮੁਕਤਿਆਂ ਤੋਂ ਹੀ ਖਿਦਰਾਣੇ ਦੀ ਢਾਬ ਦਾ ਨਾਂ 'ਮੁਕਤਸਰ' ਹੋਇਆ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਕਲਗੀਧਰ ਨੇ ਸ਼ਹੀਦ ਸਿੰਘਾਂ ਨੂੰ ਮੁਕਤ ਪਦਵੀ ਬਖ਼ਸ਼ ਕੇ ਤਾਲ ਦਾ ਨਾਂ 'ਮੁਕਤਸਰ' ਰੱਖਿਆ ਅਰ ਆਪਣੇ ਹੱਥੀਂ ਸ਼ਹੀਦਾਂ ਦੇ ਦੇਹ ਸਸਕਾਰੇ, ਸ਼ਹੀਦ ਗੰਜ ਤਾਲ ਦੇ ਕਿਨਾਰੇ ਵਿਦਯਮਾਨ ਹੈ।" (ਮਹਾਨ ਕੋਸ਼, ਪੰਨਾ 980)

ਇਸ ਮੌਕੇ ਕਲਗੀਧਰ ਮਹਾਰਾਜ ਨੇ ਜ਼ਖ਼ਮੀ ਪਏ ਮਹਾਂ ਸਿੰਘ ਦੇ ਕਹਿਣ ਤੇ ਆਪਣੇ ਕਮਰਕੱਸੇ 'ਚੋਂ ਬੇਮੁਖਤਾਈ ਦਾ ਰੁੱਕਾ ਕੱਢ ਕੇ ਪਾੜ ਦਿੱਤਾ। ਬੇਮੁਖਤਾਈ ਦਾ ਰੁੱਕਾ ਤੇ ਉਦੋਂ ਹੀ ਫੱਟ ਗਿਆ ਸੀ ਜਦ ਇਹ ਚਾਲੀ ਸਿੰਘਾਂ ਨੇ ਗੁਰੂ ਵਲ ਮੁੜ ਮੁੱਖ ਕਰ ਲਿਆ ਸੀ ਤੇ ਪਿੰਡੋਂ ਚਲ ਪਏ ਸਨ। ਗੁਰੂ ਵਲ ਮੂੰਹ ਕਰਕੇ ਬੇਮੁਖ ਸਨਮੁਖ ਹੋ ਗਏ ਸਨ ਤੇ ਜੰਗ 'ਚ ਸ਼ਹੀਦ ਹੋ ਗੁਰਮੁਖ ਸ਼ਹੀਦ ਹੋ ਨਿਬੜੇ ਸਨ ਤੇ ਰੁੱਕੇ ਦਾ ਫਟਣਾ ਮਹਿਜ਼ ਇਕ ਗੁਰੂ ਦੀ ਮੋਹਰ ਲੱਗਣਾ ਸੀ ਜਿਸਨੇ ਅਗਾਂਹ ਸ਼ਹੀਦਾਂ ਨੂੰ ਸਚਖੰਡ ਦਾ ਪਾਂਧੀ ਬਨਾਉਣਾ ਸੀ। ਇਸ ਦਿਨ ਸੰਗਤਾਂ ਹਜ਼ਾਰਾਂ ਨਹੀਂ, ਲੱਖਾਂ ਦੀ ਗਿਣਤੀ 'ਚ ਅਪਾਰ ਠੰਡ ਦੇ ਬਾਵਜੂਦ ਪਵਿੱਤਰ ਸਰੋਵਰ 'ਚ ਇਸ਼ਨਾਨ ਕਰਦੀਆਂ ਹਨ ਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਹਿਤ ਗੁਰਦੁਆਰੇ ਨਤਮਸਤਕ ਹੁੰਦੀਆਂ ਹਨ।

ਮਾਘ ਦੇ ਮਹੀਨੇ ਨੂੰ ਸਾਡੀ ਪਰੰਪਰਾ 'ਚ ਸ਼ੁਭ ਮੰਨਿਆ ਗਿਆ ਹੈ। ਇਸ ਦਿਨ ਗੰਗਾ-ਜਮੁਨਾ ਜਾਂ ਕਿਤੇ ਵੀ ਇਸ਼ਨਾਨ ਕਰਨ ਨੂੰ ਵੱਡਾ ਪੁੰਨ ਸਮਝਿਆ ਜਾਂਦਾ ਹੈ। ਇਸ਼ਨਾਨ ਦੀ ਇਸ ਮਹੱਤਤਾ ਨੂੰ ਗੁਰੂ ਅਰਜਨ ਸਾਹਿਬ ਨੇ ਨਵੇਂ ਅਰਥ ਪ੍ਰਦਾਨ ਕਰਦਿਆਂ ਉਚਾਰਿਆ:

**ਮਾਘ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ॥**
**ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ॥** (ਅੰਗ ੧੩੫)

ਸਤਿਗੁਰੂ ਜੀ ਅਨੁਸਾਰ ਨਿਰਾ-ਪੁਰਾ ਇਸ਼ਨਾਨ ਕਰ ਲੈਣਾ ਹੀ ਕਾਫ਼ੀ ਨਹੀਂ, ਸਤਸੰਗ ਵਿਚ ਜਾ ਕੇ ਹਰੀ ਦਾ ਨਾਮ ਧਿਆਉਣਾ, ਇਹ ਹੈ ਵੱਡੀ ਗੱਲ। ਸਮੁੱਚਾ ਗੁਰਬਾਣੀ ਸੰਸਾਰ ਮਨੁੱਖ ਨੂੰ ਨਾਮ ਨਾਲ ਜੋੜਨ ਦੇ ਆਹਰ 'ਚ ਹੈ ਤੇ ਫਿਰ ਮਾਘ ਦਾ ਮਹੀਨਾ ਜਿਸ ਨੂੰ ਕਿ ਪਰੰਪਰਾ 'ਚ ਬਹੁਤ ਪਵਿੱਤਰ ਤੇ ਸ਼ੁਭ ਗਿਣਿਆ ਗਿਆ ਹੈ, ਨਾਮ ਤੋਂ ਬਿਨਾਂ ਕਿਵੇਂ ਪਵਿੱਤਰ ਤੇ ਸ਼ੁਭ ਹੋ ਸਕਦਾ।

ਸੋ ਆਓ ਮਾਘੀ ਦੇ ਪੁਰਬ ਮੌਕੇ ਜਿੱਥੇ ਅਸੀਂ ਮੁਕਤਸਰ ਦੇ ਸ਼ਹੀਦਾਂ ਦੀ ਕੁਰਬਾਨੀ ਨੂੰ ਯਾਦ ਕਰੀਏ ਉਥੇ ਗੁਰਮੁਖਤਾਈ ਵਲ ਨੂੰ ਆਪਣੇ ਜੀਵਨ-ਪੰਧ ਨੂੰ ਮੋੜੀਏ। ਚਾਲੀ ਮੁਕਤਿਆਂ ਦੇ ਜੀਵਨ ਦਾ ਇਹੋ ਸੰਦੇਸ਼ ਮਨੁੱਖਤਾ ਨੂੰ ਹੈ ਕਿ ਅਨਕਾਂ ਭੁੱਲਾਂ ਕਰਨ ਵਾਲਾ ਗੁਰੂ ਤੋਂ ਬੇਮੁਖ ਜੀਵ ਜੋ ਅੱਜ ਦੇ ਦਿਨ ਵੀ ਗੁਰੂ ਵਲ ਸਨਮੁਖ ਹੋਣ ਦੀ ਤਿਆਰੀ ਕਰ ਲਵੇ ਤਾਂ ਬਖਸ਼ਿੰਦ ਗੁਰੂ ਦੇ ਲੇਖੇ ਲਗ ਸਕਦਾ ਹੈ। ਸੋ ਇਹ ਪ੍ਰੇਰਨਾ ਲੈਣ ਹੀ ਨਹੀਂ, ਚਿੰਤਨ ਕਰਨ ਦਾ ਵੀ ਪੁਰਬ ਹੈ ਕਿ ਕਿਵੇਂ ਅਸੀਂ ਇਤਿਹਾਸ ਤੋਂ ਪ੍ਰੇਰਨਾ ਲੈ ਕੇ ਆਪਣੇ ਮਨੁੱਖਾ ਜੀਵਨ ਦੀ ਦਿਸ਼ਾ ਨੂੰ ਨਿਸ਼ਚਿਤ ਕਰਨਾ ਹੈ ਤਾਂ ਜੋ ਮਾਘ ਮਹੀਨੇ 'ਚ ਆਉਦੀ ਫੁੱਲਾਂ ਤੇ ਖ਼ੁਸ਼ਬੂਆਂ ਦੀ ਮਹਿਕ ਭਰੀ ਰੁੱਤ ਸਾਡੇ ਜੀਵਨ ਦਾ ਹਿੱਸਾ ਬਣ ਸਕੇ ਤੇ ਅਸੀਂ ਸੁਰਖ਼ਰੂ ਹੋ ਕੇ ਖ਼ੁਸ਼ਨੁਮਾ ਤੇ ਉਤਸ਼ਾਹਨੁਮਾ ਜ਼ਿੰਦਗੀ ਦੇ ਪਿੜ 'ਚ ਚੌਤਰਫ਼ਾ ਮੌਲ ਸਕੀਏ, ਜਿਉਂਦਿਆਂ ਹੀ ਜੀਵਨ-ਮੁਕਤ ਹੋ ਸਕੀਏ।

❖ **ਮਨਿੰਦਰ ਸਿੰਘ ਸੋਨੀ, 9891591206**

ੴ

ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼

{ਗੁਰੂ ਗ੍ਰੰਥ ਸਾਹਿਬ ਅੰਗ-੫੭੧, ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-੩੫੦੫}

ਮੂਲ [ਵਡਹੰਸੁ ਮਹਲਾ ੩, ਛੰਤ ੬-੮] ਅਰਥ

ਵਡਹੰਸੁ ਮਹਲਾ ੩॥ ਏ ਮਨ ਮੇਰਿਆ ਆਵਾ ਗਉਣੁ ਸੰਸਾਰੁ ਹੈ ਅੰਤਿ ਸਚਿ ਨਿਬੇੜਾ ਰਾਮ॥ ਆਪੇ ਸਚਾ ਬਖਸਿ ਲਏ ਫਿਰਿ ਹੋਇ ਨ ਫੇਰਾ ਰਾਮ॥ ਫਿਰਿ ਹੋਇ ਨ ਫੇਰਾ ਅੰਤਿ ਸਚਿ ਨਿਬੇੜਾ ਗੁਰਮੁਖਿ ਮਿਲੈ ਵਡਿਆਈ॥ ਸਾਚੈ ਰੰਗਿ ਰਾਤੇ ਸਹਜੇ ਮਾਤੇ ਸਹਜੇ ਰਹੇ ਸਮਾਈ॥ ਸਚਾ ਮਨਿ ਭਾਇਆ ਸਚੁ ਵਸਾਇਆ ਸਬਦਿ ਰਤੇ ਅੰਤਿ ਨਿਬੇਰਾ॥ ਨਾਨਕ ਨਾਮਿ ਰਤੇ ਸੇ ਸਚਿ ਸਮਾਣੇ ਬਹੁਰਿ ਨ ਭਵਜਲਿ ਫੇਰਾ॥੧॥

ਹੇ ਮੇਰੇ ਮਨ! ਸੰਸਾਰ ਦਾ ਰੂਪ ਹੈ ਜੰਮਣ ਤੇ ਮਰਣ; (ਇਸ ਤੋਂ) ਨਿਬੇੜਾ, (ਫ਼ੈਸਲਾ, ਛੁਟਕਾਰਾ) ਅੰਤ ਨੂੰ ਸੱਚ ਦੁਆਰਾ ਹੋਣਾ ਹੈ। (ਜਦੋਂ) ਸੱਚਾ (ਵਾਹਿਗੁਰੂ) ਆਪੇ (ਜੀਵ ਨੂੰ) ਬਖ਼ਸ਼ ਲਏਗਾ ਫੇਰ (ਉਸ ਦਾ ਇਸ ਸੰਸਾਰ ਵਿਚ) ਫੇਰਾ ਨਹੀਂ ਪਏਗਾ, (ਭਾਵ ਜਨਮ ਨਹੀਂ ਹੋਵੇਗਾ)। (ਹਾਂ) ਅੰਤ ਸੱਚ ਦੁਆਰਾ ਨਿਬੇੜਾ ਹੋਏਗਾ (ਤੇ) ਮੁੜਕੇ (ਏਥੇ) ਫੇਰਾ ਨਹੀਂ ਪਏਗਾ, (ਪਰ ਇਹ) ਵਡਿਆਈ ਗੁਰੂ ਦੁਆਰਾ ਮਿਲੇਗੀ। (ਜੋ) ਸੱਚੇ ਦੇ ਰੰਗ ਵਿਚ ਰਤੇ ਹੋਏ ਸੁਭਾਵਕ ਹੀ ਮਸਤ ਰਹਿੰਦੇ ਹਨ (ਉਹ) ਸਹਜੇ (=ਆਤਮ ਅਨੰਦ ਵਿਚ) ਸਮਾਏ ਰਹਿੰਦੇ ਹਨ। (ਜੋ) ਸ਼ਬਦ ਵਿਚ ਰਤੇ ਹੋਏ ਹਨ (ਜਿਨ੍ਹਾਂ ਨੂੰ) ਸੱਚਾ (ਵਾਹਿਗੁਰੂ) ਭਾਇਆ ਹੈ, (ਉਨ੍ਹਾਂ ਦਾ) ਅੰਤ ਨੂੰ ਛੁਟਕਾਰਾ ਹੋ ਗਿਆ ਹੈ। (ਪ੍ਰਸ਼ਨ : ਸੱਚ ਵਿਚ ਕੌਣ ਸਮਾਏ ਹਨ? ਉੱਤਰ:) ਹੇ ਨਾਨਕ! ਜੋ ਨਾਮ ਵਿਚ ਲਗੇ ਰਹਿੰਦੇ ਹਨ ਓਹ ਸੱਚ ਵਿਚ ਸਮਾਉਂਦੇ ਹਨ, (ਉਨ੍ਹਾਂ) ਦਾ ਮੁੜਕੇ (ਇਸ) ਸੰਸਾਰ ਸਾਗਰ ਵਿਚ ਫੇਰਾ ਨਹੀਂ ਪੈਂਦਾ॥੧॥

ਮਾਇਆ ਮੋਹੁ ਸਭੁ ਬਰਲੁ ਹੈ ਦੂਜੈ ਭਾਇ ਖੁਆਈ ਰਾਮ॥ ਮਾਤਾ ਪਿਤਾ ਸਭੁ ਹੇਤੁ ਹੈ ਹੇਤੇ ਪਲਚਾਈ ਰਾਮ॥ ਹੇਤੇ ਪਲਚਾਈ ਪੁਰਬਿ ਕਮਾਈ ਮੇਟਿ ਨ ਸਕੈ ਕੋਈ॥ ਜਿਨਿ ਸ੍ਰਿਸਟਿ ਸਾਜੀ ਸੋ ਕਰਿ ਵੇਖੈ ਤਿਸੁ ਜੇਵਡੁ ਅਵਰੁ ਨ ਕੋਈ॥ ਮਨਮੁਖਿ ਅੰਧਾ ਤਪਿ ਤਪਿ ਖਪੈ ਬਿਨੁ ਸਬਦੈ ਸਾਂਤਿ ਨ ਆਈ॥ ਨਾਨਕ ਬਿਨੁ ਨਾਵੈ ਸਭੁ ਕੋਈ ਭੁਲਾ ਮਾਇਆ ਮੋਹਿ ਖੁਆਈ॥੨॥

ਮਾਇਆ ਦਾ ਮੋਹ ਸਾਰਾ (ਇਕ) ਝੱਲ ਪੁਣਾ ਹੈ (ਇਹ) ਦ੍ਵੈਤ ਭਾਵਨਾ ਵਿਚ (ਪਾਕੇ ਰਸਤਿਓਂ) ਖੁੰਝਾ ਦੇਂਦਾ ਹੈ, ਮਾਤਾ ਪਿਤਾ ਸਾਰੇ (ਸਨਬੰਧ) ਮੋਹ (ਦਾ ਰੂਪ) ਹਨ, (ਇਹ) ਮੋਹ ਵਿਚ ਫਸਾ ਦੇਂਦੇ ਹਨ। (ਪਰ ਇਹ) ਮੋਹ ਵਿਚ ਫਸੌਤੀ ਪੂਰਬਲੇ (ਕੀਤੇ ਕਰਮਾਂ ਦੀ) ਕਮਾਈ (ਹੁੰਦੀ ਹੈ, ਇਸ ਨੂੰ) ਕੋਈ ਮੇਟ ਨਹੀਂ ਸਕਦਾ। ਜਿਸ (ਪ੍ਰਭੂ) ਨੇ ਸ੍ਰਿਸ਼ਟੀ ਸਾਜੀ ਹੈ ਉਸ ਜੇਡਾ ਹੋਰ ਕੋਈ ਨਹੀਂ: ਉਹ (ਇਸ ਨੂੰ) ਰਚਕੇ ਵੇਖਦਾ ਹੈ (ਕਿ ਇਹ ਕਿਵੇਂ ਕਰਮ ਕਰਦੀ ਫਸਦੀ, ਫੇਰ ਉਹੋ ਕਰਮ ਕਰਦੀ ਤੇ ਫਸਦੀ ਟੁਰਦੀ ਹੈ। ਇਸ ਤਰ੍ਹਾਂ) ਮਨਮੁਖ (ਮੋਹ ਵਿਚ) ਅੰਨ੍ਹਾਂ ਹੋਇਆ ਤਪਦਾ ਸੜਦਾ ਤੇ ਖਪਦਾ ਹੈ (=ਦੁਖੀ ਹੁੰਦਾ ਹੈ) ਸ਼ਬਦ ਤੋਂ ਬਿਨਾ ਸ਼ਾਂਤਿ ਨਹੀਂ ਆਉਂਦੀ। ਹੇ ਨਾਨਕ! ਨਾਮ ਤੋਂ ਬਿਨਾਂ ਸਭ ਕੋਈ ਭੁੱਲਾ ਫਿਰਦਾ ਹੈ, ਮਾਇਆ ਦੇ ਮੋਹ ਨੇ (ਇਨ੍ਹਾਂ ਨੂੰ ਰਸਤਿਓਂ) ਖੁੰਝਾ ਛਡਿਆ ਹੈ॥੨॥

ਏਹੁ ਜਗੁ ਜਲਤਾ ਦੇਖਿ ਕੈ ਭਜਿ ਪਏ ਹਰਿ ਸਰਣਾਈ ਰਾਮ॥ ਅਰਦਾਸਿ ਕਰੀ ਗੁਰ ਪੂਰੇ ਆਗੈ ਰਖਿ ਲੇਵਹੁ ਦੇਹੁ ਵਡਾਈ ਰਾਮ॥ ਰਖਿ ਲੇਵਹੁ ਸਰਣਾਈ ਹਰਿ ਨਾਮੁ ਵਡਾਈ ਤੁਧੁ ਜੇਵਡੁ ਅਵਰੁ ਨ ਦਾਤਾ॥ ਸੇਵਾ ਲਾਗੇ ਸੇ ਵਡਭਾਗੇ ਜੁਗਿ ਜੁਗਿ ਏਕੋ ਜਾਤਾ॥ ਜਤੁ ਸਤੁ ਸੰਜਮੁ ਕਰਮ ਕਮਾਵੈ ਬਿਨੁ ਗੁਰ ਗਤਿ ਨਹੀ ਪਾਈ॥ ਨਾਨਕ ਤਿਸ ਨੋ ਸਬਦੁ ਬੁਝਾਏ ਜੋ ਜਾਇ ਪਵੈ ਹਰਿ ਸਰਣਾਈ॥੩॥

(ਇਉਂ) ਇਸ ਜਗਤ ਨੂੰ ਸੜਦਾ (ਦੁਖੀ ਹੁੰਦਾ) ਦੇਖਕੇ (ਭਾਗਾਂ ਵਾਲੇ) ਹਰੀ ਦੀ ਸ਼ਰਣੀ ਭੱਜਕੇ ਜਾ ਪਏ, (ਅਰਥਾਤ ਉਨ੍ਹਾਂ) ਪੂਰੇ ਗੁਰੂ ਅੱਗੇ ਅਰਦਾਸ ਕੀਤੀ (ਹੇ ਗੁਰੋ! ਸਾਨੂੰ) ਨਾਮ ਦੀ ਵਡਿਆਈ ਦਿਓ (ਤੇ ਇਸ ਅੱਗ ਤੋਂ) ਬਚਾ ਲਓ। (ਹਾਂ, ਆਪਣੀ) ਸ਼ਰਣ ਵਿਚ ਰਖ ਲਓ ਤੇ ਹਰੀ ਨਾਮ ਦੀ ਵਡਿਆਈ (ਬਖ਼ਸ਼ੋ), ਤੁਹਾਡੇ ਜੇਡਾ ਵੱਡਾ ਦਾਤਾ ਹੋਰ ਕੋਈ ਨਹੀਂ। (ਐਉਂ ਜੋ ਗੁਰੂ ਦੀ) ਸੇਵਾ ਵਿਚ ਲਗ ਪਏ ਉਹ ਵੱਡੇ ਭਾਗਾਂ ਵਾਲੇ (ਹੋ ਗਏ ਕਿਉਂਕਿ ਉਹਨਾਂ ਨੇ) ਜੁਗਾਂ ਜੁਗਾਂ ਵਿਚ (ਕਾਯਮ ਰਹਿਣ ਵਾਲੇ) ਇਕੋ ਨੂੰ ਜਾਣ ਲਿਆ। (ਕੋਈ ਚਾਹੇ) ਜਤ ਸਤ ਸੰਜਮ ਆਦਿ ਕਰਮ ਕਮਾ ਲਵੇ (ਪਰ) ਗੁਰੂ ਤੋਂ ਬਿਨਾਂ ਗਤੀ (ਮੁਕਤੀ ਕਿਸੇ ਨੇ) ਨਹੀਂ ਪਾਈ। ਹੇ ਨਾਨਕ! ਜੋ (ਉਪਰ ਕਥੇ ਵਾਂਙੂ) ਹਰੀ ਦੀ ਸ਼ਰਣ ਜਾ ਪਵੇ ਉਸ ਨੂੰ (ਗੁਰੂ) ਸ਼ਬਦ ਬੁਝਾ ਦੇਂਦਾ ਹੈ (ਭਾਵ ਵਾਹਿਗੁਰੂ ਦੀ ਲੱਖਤਾ ਕਰਾ ਦੇਂਦਾ ਹੈ)॥੩॥

ਜੋ ਹਰਿ ਮਤਿ ਦੇਇ ਸਾ ਊਪਜੈ ਹੋਰ ਮਤਿ ਨ ਕਾਈ ਰਾਮ॥ ਅੰਤਰਿ ਬਾਹਰਿ ਏਕੁ ਤੂ ਆਪੇ ਦੇਹਿ ਬੁਝਾਈ ਰਾਮ॥ ਆਪੇ ਦੇਹਿ ਬੁਝਾਈ ਅਵਰ ਨ ਭਾਈ ਗੁਰਮੁਖਿ ਹਰਿ ਰਸੁ ਚਾਖਿਆ॥ ਦਰਿ ਸਾਚੈ ਸਦਾ ਹੈ ਸਾਚਾ ਸਾਚੈ ਸਬਦਿ ਸੁਭਾਖਿਆ॥ ਘਰ ਮਹਿ ਨਿਜ ਘਰੁ ਪਾਇਆ ਸਤਿਗੁਰੁ ਦੇਇ ਵਡਾਈ॥ ਨਾਨਕ ਜੋ ਨਾਮਿ ਰਤੇ ਸੇਈ ਮਹਲੁ ਪਾਇਨਿ ਮਤਿ ਪਰਵਾਣੁ ਸਚੁ ਸਾਈ॥੪॥੬॥

ਜੋ ਵਾਹਿਗੁਰੂ ਮਤਿ ਦੇਵੇ ਓਹ (ਮਤਿ ਗੁਰਮੁਖ ਦੇ ਅੰਦਰ) ਪੈਦਾ ਹੁੰਦੀ ਹੈ, ਹੋਰ ਕੋਈ ਮਤਿ ਨਹੀਂ (ਪੈਦਾ ਹੁੰਦੀ)। ਤੂੰ ਆਪੇ (ਗੁਰਮੁਖ ਨੂੰ) ਬੁਝਾ ਦੇਂਦਾ ਹੈ (ਕਿ ਜੀਵਾਂ ਦੇ) ਅੰਦਰ ਬਾਹਰ ਇਕੋ ਤੂੰਹੋਂ ਹੈ। (ਹਾਂ ਗੁਰਮੁਖ ਨੂੰ ਤੂੰ) ਆਪੇ ਸੁਝਾ ਦੇਂਦਾ ਹੈ (ਤਦ ਉਸ ਨੂੰ) ਹੋਰ (ਕੋਈ ਮਤਿ) ਚੰਗੀ ਨਹੀਂ ਲਗਦੀ (ਐਉਂ ਗੁਰਮੁਖ) ਗੁਰੂ ਦੁਆਰਾ ਹਰੀ ਰਸ ਚਖਦਾ ਹੈ। ਉਹ ਸੱਚੇ ਦਰਬਾਰ ਵਿਚ ਸਦਾ ਹੀ ਸੱਚਾ ਹੈ (ਜਿਸ ਨੇ) ਸੱਚੇ ਸ਼ਬਦ ਦੁਆਰਾ (ਹਰੀ ਨੂੰ) ਉਚਾਰਿਆ (ਭਾਵ ਸਿਮਰਿਆ) ਹੈ। (ਸੋ ਜਿਸ ਨੂੰ) ਸਤਿਗੁਰੂ (ਨਾਮ ਦੀ) ਵਡਿਆਈ ਦੇਵੇ (ਉਹ) ਅਪਣੇ ਹਿਰਦੇ ਵਿਚ ਹੀ ਸ੍ਵੈਸਰੂਪ (ਦੀ ਲੱਖਤਾ), ਪਾ ਲੈਂਦਾ ਹੈ। (ਹਾਂ) ਹੇ ਨਾਨਕ! ਜੋ ਨਾਮ ਵਿਚ ਰਤੇ ਜਾਂਦੇ ਹਨ ਉਹੀ (ਮਹਲ=) ਵਾਹਿਗੁਰੂ ਦੇ ਸਰੂਪ ਨੂੰ ਪਾ ਲੈਣਗੇ, (ਸੋ) ਬੁੱਧੀ (ਬੀ) ਉਹੋ ਪਰਵਾਨ ਹੈ ਜੋ ਸਚ ਨੂੰ (ਪੁਚਾ ਦੇਂਦੀ ਹੈ, ਭਾਵ ਸਤਯ ਸਰੂਪ ਵਾਹਿਗੁਰੂ ਵਿਚ ਲੈ ਜਾਂਦੀ ਹੈ)॥੪॥੬॥

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2018-19-20
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

## ਦਰਬਾਰ ਸਾਹਿਬ ਦੇ ਕਰਮਚਾਰੀਆਂ ਲਈ ਵਿਸ਼ੇਸ਼ ਸਿਖਲਾਈ

ਨਵੇਂ ਵਰ੍ਹੇ ਦੀ ਆਮਦ ਤੇ ਸ਼੍ਰੋਮਣੀ ਕਮੇਟੀ ਨੇ ਆਪਣੇ ਮੁਲਾਜ਼ਮਾਂ ਨੂੰ ਵਧੇਰੇ ਚੁਸਤ-ਦਰੁਸਤ ਅਤੇ ਵਿਹਾਰ ਪੱਖੋਂ ਬਦਲਾਅ ਲਿਆਉਣ ਲਈ ਵਿਸ਼ੇਸ਼ ਸਿਖਲਾਈ ਦੇਣੀ ਸ਼ੁਰੂ ਕੀਤੀ ਹੈ ਤਾਂ ਜੋ ਕੇਂਦਰੀ ਅਸਥਾਨ ਤੇ ਦੇਸ਼ਾਂ-ਵਿਦੇਸ਼ਾਂ ਤੋਂ ਰੋਜ਼ਾਨਾ ਆਉਂਦੇ ਹਜ਼ਾਰਾਂ ਸ਼ਰਧਾਲੂਆਂ ਨਾਲ ਜਿੱਥੇ ਵਧੇਰੇ ਹਲੀਮੀ ਨਾਲ ਪੇਸ਼ ਆਉਣ, ਉਥੇ ਇਥੇ ਨਾਲ ਸੰਬੰਧਿਤ ਲੋੜੀਂਦੀ ਜਾਣਕਾਰੀ ਵੀ ਸੰਗਤਾਂ ਨਾਲ ਸਾਂਝੀ ਕਰਨ। ਉਹ ਹਰ ਕਿਸੇ ਨੂੰ 'ਵਾਹਿਗੁਰੂ' ਕਹਿ ਕੇ ਸੰਬੋਧਨ ਕਰਨਗੇ ਤੇ ਸੰਗਤਾਂ ਦਾ ਲੋੜੀਂਦਾ ਮਾਰਗ-ਦਰਸ਼ਨ ਵੀ ਕਰਨਗੇ। ਦਰਬਾਰ ਸਾਹਿਬ ਸਮੂਹ 'ਚ ਤੈਨਾਤ ਇਨ੍ਹਾਂ 225 ਮੁਲਾਜ਼ਮਾਂ ਨੂੰ 15 ਦਿਨਾਂ ਦੀ ਸਿਖਲਾਈ 'ਚ ਇਸ ਬਾਰੇ ਸਿੱਖਿਅਤ ਕੀਤਾ ਜਾਏਗਾ।

## ਸਾਬਕਾ ਕੇਂਦਰੀ ਗ੍ਰਹਿ ਮੰਤਰੀ ਬੂਟਾ ਸਿੰਘ ਦਾ ਦੇਹਾਂਤ



ਕਾਂਗਰਸ ਦੇ ਸੀਨੀਅਰ ਦਲਿਤ ਆਗੂ ਅਤੇ ਸਾਬਕਾ ਕੇਂਦਰੀ ਮੰਤਰੀ ਬੂਟਾ ਸਿੰਘ (86) ਦਾ ਲੰਮੀ ਬਿਮਾਰੀ ਤੋਂ ਬਾਅਦ 2 ਜਨਵਰੀ ਸ਼ਨੀਵਾਰ ਸਵੇਰੇ ਦੇਹਾਂਤ ਹੋ ਗਿਆ। ਆਪ ਦਾ ਅੰਤਮ ਸਸਕਾਰ ਲੋਧੀ ਰੋਡ ਸ਼ਮਸ਼ਾਨ ਘਾਟ ਵਿਖੇ ਕੀਤਾ ਗਿਆ। ਆਪ ਦੇ ਚਲਾਣੇ ਤੇ ਰਾਸ਼ਟਰਪਤੀ ਰਾਮਨਾਥ ਕੋਵਿੰਦ, ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਕਾਂਗਰਸ ਪ੍ਰਧਾਨ ਸੋਨੀਆ ਗਾਂਧੀ, ਰਾਹੁਲ ਗਾਂਧੀ, ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਮੇਤ ਕਈ ਪ੍ਰਮੁੱਖ ਆਗੂਆਂ ਨੇ ਡੂੰਘਾ ਅਫ਼ਸੋਸ ਪ੍ਰਗਟ ਕੀਤਾ ਹੈ। ਜਲੰਧਰ ਦੇ ਪਿੰਡ ਮੁਸਤਫ਼ਾਬਾਦ ਵਿਚ ਦਲਿਤ ਪਰਿਵਾਰ 'ਚ 21 ਮਾਰਚ, 1934 ਨੂੰ ਜਨਮੇ ਬੂਟਾ ਸਿੰਘ ਮੁਲਕ ਦੀ ਦਲਿਤ ਆਵਾਜ਼ ਦੇ ਨਾਲ ਨਾਲ ਕਾਂਗਰਸ ਦੇ ਔਖੇ ਸਮਿਆਂ ਦੇ ਆਗੂ ਰਹੇ। ਉਨ੍ਹਾਂ ਅਕਾਲੀ ਦਲ ਤੋਂ ਆਪਣੇ ਕੈਰੀਅਰ ਦੀ ਸ਼ੁਰੂਆਤ ਕੀਤੀ ਅਤੇ ਨਹਿਰੂ ਕਾਲ 'ਚ ਕਾਂਗਰਸ ਦਾ ਦਾਮਨ ਫੜਿਆ ਅਤੇ ਦੇਸ਼ ਦੇ ਚਾਰ ਪ੍ਰਧਾਨ ਮੰਤਰੀਆਂ ਨਾਲ ਕੰਮ ਕਰਕੇ ਆਪਣੀ ਮੁਹਾਰਤ ਦਾ ਪਰੀਚੈ ਦਿੱਤਾ। ਨਹਿਰੂ-ਗਾਂਧੀ ਪਰਿਵਾਰ ਦੇ ਕਰੀਬੀ ਰਹੇ ਬੂਟਾ ਸਿੰਘ ਨੇ ਕੇਂਦਰ 'ਚ ਗ੍ਰਹਿ ਮੰਤਰੀ, ਖੇਤੀ ਮੰਤਰੀ, ਰੇਲ ਮੰਤਰੀ, ਖਾਦਯ ਮੰਤਰੀ ਅਤੇ ਸੰਚਾਰ ਮੰਤਰੀ ਦੇ ਪਦਾਂ ਤੇ ਕੰਮ ਕੀਤਾ ਅਤੇ 2004 ਤੋਂ 2006 ਤਕ ਬਿਹਾਰ ਦੇ ਰਾਜਪਾਲ ਅਤੇ 2007 ਤੋਂ 2010 ਤਕ ਕੌਮੀ ਅਨੁਸੂਚਿਤ ਜਾਤੀ ਆਯੋਗ ਦੇ ਚੇਅਰਮੈਨ ਰਹੇ।

## ਕਰੋਨਾ ਸੰਬੰਧੀ ਦੋ ਵੈਕਸੀਨਾਂ ਨੂੰ ਹੰਗਾਮੀ ਵਰਤੋਂ ਲਈ ਪ੍ਰਵਾਨਗੀ

ਭਾਰਤ ਦੇ ਡਰਗਜ਼ ਰੈਗੂਲੇਟਰ ਜਨਰਲ ਆਫ਼ ਇੰਡੀਆ (ਡੀਸੀਜੀਆਈ) ਵੱਲੋਂ ਔਕਸਫੋਰਡ ਦੀ ਕੋਵਿਡ-19 ਵੈਕਸੀਨ ਕੋਵੀਸ਼ੀਲਡ ਅਤੇ ਸਵਦੇਸ਼ੀ ਟੀਕੇ ਕੋਵੈਕਸੀਨ ਨੂੰ ਮੁਲਕ ਵਿਚ ਹੰਗਾਮੀ ਵਰਤੋਂ ਲਈ ਪ੍ਰਵਾਨਗੀ ਦੇ ਦਿੱਤੀ ਗਈ ਹੈ। ਇਸ ਨਾਲ ਮੁਲਕ ਟੀਕਾਕਰਨ ਲਈ ਰਾਹ ਪੱਧਰਾ ਹੋ ਗਿਆ ਹੈ। ਕੋਵੀਸ਼ੀਲਡ ਦਾ ਨਿਰਮਾਣ ਸੀਰਮ ਇੰਸਟੀਟਿਊਟ ਆਫ਼ ਇੰਡੀਆ ਵੱਲੋਂ ਐਸਟ੍ਰਾਜੇਨਿਕਾ ਨਾਲ ਸਮਝੌਤੇ ਤਹਿਤ ਕੀਤਾ ਗਿਆ ਹੈ ਜਦਕਿ ਕੋਵੈਕਸੀਨ ਨੂੰ ਭਾਰਤ ਬਾਇਓਟੈਕ ਨੇ ਇੰਡੀਅਨ ਕੌਂਸਲ ਆਫ਼ ਮੈਡੀਕਲ ਰਿਸਰਚ (ਆਈਸੀਐਮਆਰ) ਦੇ ਸਹਿਯੋਗ ਨਾਲ ਤਿਆਰ ਕੀਤਾ ਹੈ। ਵਿਸ਼ਵ ਸਿਹਤ ਸੰਸਥਾ (WHO) ਨੇ ਭਾਰਤ ਵੱਲੋਂ ਇਨ੍ਹਾਂ ਵੈਕਸੀਨਾਂ ਨੂੰ ਹੰਗਾਮੀ ਵਰਤੋਂ ਲਈ ਪ੍ਰਵਾਨਗੀ ਦਿੱਤੇ ਜਾਣ ਦੇ ਫ਼ੈਸਲੇ ਦਾ ਸਵਾਗਤ ਕਰਦਿਆਂ ਕਿਹਾ ਹੈ ਕਿ ਇਸ ਨਾਲ ਮਹਾਂਮਾਰੀ ਨੂੰ ਠੱਲਣ 'ਚ ਮਦਦ ਮਿਲੇਗੀ। ਸਿਹਤ ਮੰਤਰੀ ਡਾ. ਹਰਸ਼ਵਰਧਨ ਨੇ ਇਸ ਮੌਕੇ ਕਿਹਾ ਕਿ ਪਹਿਲੇ ਚਰਣ 'ਚ ਤਿੰਨ ਕਰੋੜ ਲੋਕਾਂ ਨੂੰ ਨਿਸ਼ੁਲਕ ਟੀਕਾ ਲੱਗੇਗਾ ਜਿਸ ਵਿਚ ਇਕ ਕਰੋੜ ਸਿਹਤਕਰਮੀ ਤੇ ਦੋ ਕਰੋੜ ਮੂਹਰਲੇ ਮੋਰਚੇ ਦੇ ਕਾਮੇ ਸ਼ਾਮਲ ਹਨ।

## ਕਿਸਾਨੀ ਘੋਲ ਜੈਕਾਰਿਆਂ ਦੀ ਗੂੰਜ ਨਾਲ ਨਵੇਂ ਵਰ੍ਹੇ 'ਚ ਦਾਖ਼ਲ

ਦਿੱਲੀ ਦੀ ਸਿੰਘੂ, ਟੀਕਰੀ, ਗਾਜ਼ੀਪੁਰ, ਚਿੱਲਾ, ਸ਼ਾਹਜਹਾਂਬਾਦ ਆਦਿ ਸਭ ਬਾਰਡਰਾਂ ਤੇ ਕਿਸਾਨਾਂ ਨੇ ਨਵਾਂ ਵਰ੍ਹਾ ਕਿਸਾਨ ਸੰਘਰਸ਼ ਨੂੰ ਸਮਰਪਿਤ ਹੁੰਦਿਆਂ ਜੈਕਾਰਿਆਂ ਦੀ ਗੂੰਜ 'ਚ ਮਨਾਇਆ। ਬੋਲੇ ਸੋ ਨਿਹਾਲ, ਜੈ ਜਵਾਨ-ਜੈ ਕਿਸਾਨ, ਕਿਸਾਨ-ਮਜ਼ਦੂਰ ਏਕਤਾ ਤੇ ਇਨਕਲਾਬ-ਜ਼ਿੰਦਾਬਾਦ ਦੇ ਨਾਅਰਿਆਂ-ਜੈਕਾਰਿਆਂ ਨਾਲ ਨਵੇਂ ਸਾਲ ਨੂੰ ਜੀਓ-ਆਇਆਂ ਕਹਿੰਦਿਆਂ ਕਿਸਾਨਾਂ ਅਤੇ ਸਭ ਵਰਗਾਂ ਦੇ ਲੋਕਾਂ ਨੇ ਆਪਣੇ ਮੰਗਾਂ ਮੰਨੇ ਜਾਣ ਤਕ ਸੰਘਰਸ਼ ਨੂੰ ਜਾਰੀ ਰੱਖਣ ਦਾ ਅਹਿਦ ਲਿਆ। ਕਿਸਾਨ ਆਗੂਆਂ ਵੱਲੋਂ ਇਸ ਸੰਬੰਧੀ ਸਰਕਾਰ ਨਾਲ ਗੱਲਬਾਤ ਵੀ ਜਾਰੀ ਹੈ ਤੇ ਕੁਝ ਸਾਰਥਕ ਸਿੱਟੇ ਨਾ ਨਿਕਲਣ ਦੀ ਸੂਰਤ 'ਚ 26 ਜਨਵਰੀ ਤਕ ਸੰਘਰਸ਼ ਨੂੰ ਹੋਰ ਤੇਜ਼ ਕਰਨ ਲਈ ਵੱਖ-ਵੱਖ ਪ੍ਰੋਗਰਾਮ ਵੀ ਉਲੀਕ ਲਏ ਗਏ ਹਨ। ਜ਼ਿਕਰਯੋਗ ਹੈ ਪਿਛਲੇ ਤਿੰਨ ਮਹੀਨਿਆਂ ਤੋਂ ਪੰਜਾਬ 'ਚ ਅਤੇ ਸਵਾ ਮਹੀਨੇ ਤੋਂ ਦਿੱਲੀ ਦੇ ਬਾਰਡਰਾਂ ਤੇ ਵੱਖ-ਵੱਖ ਰਾਜਾਂ ਤੋਂ ਆਏ ਕਿਸਾਨਾਂ ਦੇ ਇਸ ਪੁਰਅਮਨ ਸੰਘਰਸ਼ 'ਚ ਤਕਰੀਬਨ 50 ਕਿਸਾਨਾਂ ਦੀ ਮੌਤ ਹੋ ਚੁੱਕੀ ਹੈ। ✧ ✧